# ਤੈਨੂੰ ਕਰਦੇ ਹਾਂ ਪਿਆਰ ਚੰਨਾ ਵੇ

ਮੈਂ ਗੀਤਾਂ ਦਾ ਥਾਲ ਸਜਾਇਆ
ਤੇ ਵਿੱਚ ਤੇਰੀਆਂ ਯਾਦਾਂ ਦੇ ਮੋਤੀ
ਤੇਰੀ ਆਰਤੀ ਉਤਾਰਾਂ ਮੈਂ
ਪਾ ਪਾ ਤੇਲ ਹੰਝੂਆਂ ਦਾ
ਵੇ ਤੂੰ ਫੇਰਾ ਪਾ ਜਾ
ਵਿਹੜੇ ਸਾਡੇ ਛੇਤੀ

ਤੈਨੂੰ ਕਰਦੇ ਹਾਂ ਪਿਆਰ ਚੰਨਾ ਵੇ
ਮੁਖ ਮੋੜ, ਹਨੇਰਾ ਹੋ ਜਾਵੀ ਨਾ
ਸਾਹਾਂ ਦਾ ਏ ਸਰੋਤ ਤੂੰ
ਨੈਣਾਂ ਦੀ ਏ ਜੋਤ ਤੂੰ
ਰਗਾਂ 'ਚ ਵਹਿੰਦਾ ਏ, ਦਿਲ ਦਾ ਗਮਖੋਰ ਤੂੰ
ਸਾਡੇ ਸੁਪਣਿਆਂ 'ਚ ਜਾਗਦਾ ਏ,
ਕਿਤੇ ਰਾਤਾਂ ਦੀ ਨੀਂਦ ਕੱਢ ਲੈ ਜਾਵੀ ਨਾ
ਤੈਨੂੰ ਕਰਦੇ ਹਾਂ ਪਿਆਰ ਚੰਨਾ ਵੇ
ਮੁਖ ਮੋੜ, ਹਨੇਰਾ ਹੋ ਜਾਵੀ ਨਾ

ਤੇਰੀ ਚਮਕ ਏ ਕਾਬਲੇ ਸਿਫ਼ਤ
ਜਿਵੇਂ ਖੁਸ਼ਬੂ ਹਵਾ 'ਚ ਏ ਲੁਫ਼ਤ
ਇੰਝ ਮਹਿਕਦਾ ਏ ਵਿਹੜੇ ਸਾਡੇ
ਰੂਹ ਬੇੜੀਆਂ ਕੱਟ ਹੋਈ ਮੁਕਤ
ਤੇਰੇ ਮੁੱਖੜੇ 'ਚ ਰੱਬ ਦਿਸਦਾ
ਪਾਸਾ ਵੱਟ ਕਿਤੇ ਸਾਡਾ ਖੁਦਾ ਖੋ ਲੈ ਜਾਵੀ ਨਾ
ਤੈਨੂੰ ਕਰਦੇ ਹਾਂ ਪਿਆਰ ਚੰਨਾ ਵੇ
ਮੁਖ ਮੋੜ, ਹਨੇਰਾ ਹੋ ਜਾਵੀ ਨਾ

ਦਿਲ ਤੇ ਤੇਰਾ ਨਾਂ ਲਿਖੀ ਬੈਠਾ ਹਾਂ
ਨੈਣਾਂ 'ਚ ਤਸਵੀਰ ਵਸਾਈ ਬੈਠਾਂ ਹਾਂ
ਸਿਫਤਾਂ ਸੁਣ ਲੈ ਬਹਿ ਕੇ ਦੋ ਘੜੀਆਂ
ਮੈਂ ਤੇਰੇ ਤੇ ਗੀਤ ਬਣਾਈ ਬੈਠਾਂ ਹਾਂ

ਹੰਝੂ ਵਹਿੰਦੇ ਨੇ, ਤੇਰਾ ਮੁੱਖ ਤੱਕਦੇ
ਪੈਂਦੇ ਬੁੱਲ੍ਹਾਂ ਤੇ ਹੀ ਤੇਰਾ ਨਾਮ ਜੱਪਦੇ
ਖੜ ਖੜ ਅੱਖੀਆਂ ਦੇ ਦਰਵਾਜ਼ੇ ਕੋਲ
ਤੈਨੂੰ ਰਹਿੰਦੇ ਝਾਕਦੇ
ਤੇਰੀ ਦੀਦ ਲਈ ਜੋ ਤਰਸਦੇ ਨੇ
ਕਿਤੇ ਬਦਲਾਂ ਛਾਂਵੇ ਹੋ,
ਨੈਣਾਂ ਦੇ ਝਾਕੇ ਖੋ ਲੈ ਜਾਵੀ ਨਾ
ਤੈਨੂੰ ਕਰਦੇ ਹਾਂ ਪਿਆਰ ਚੰਨਾਂ ਵੇ
ਮੁਖ ਮੋੜ ਹਨੇਰਾ ਹੋ ਜਾਂਵੀ ਨਾ

ਤੇਰੀ ਚਮਕ ਜੋ ਚਮਕਦੀ ਏ
ਗਗਨਾ ਦੇ ਨੈਣਾਂ 'ਚ ਮਚੱਲਦੀ ਏ
ਰਲ ਮਿਲ ਤਾਰਿਆਂ ਦੇ ਨਾਲ
ਚਹਿਰਾ ਤੇਰਾ ਬਣਾ, ਤੇਰੀ ਤਸਵੀਰ ਝਲੱਕਦੀ ਏ
ਸਾਡੀ ਅੱਖੀਆਂ ਦੀ ਚਮਕ ਏ ਤੂੰ
ਏਨਾਂ ਨੈਣਾਂ ਦੀ ਚਮਕ ਕਿਤੇ ਲੈ ਜਾਂਵੀ ਨਾ
ਤੈਨੂੰ ਕਰਦੇ ਹਾਂ ਪਿਆਰ ਚੰਨਾਂ ਵੇ
ਮੁਖ ਮੋੜ ਹਨੇਰਾ ਹੋ ਜਾਂਵੀ ਨਾ

# ਜਿੰਨਾਂ ਕੀਤਾ ਏ ਪਿਆਰ

ਜਿੰਨਾਂ ਕੀਤਾ ਏ ਪਿਆਰ
ਉਹਨਾ ਦਾ ਪੁਛਿਓ ਨਾ ਹਾਲ
ਜਿੰਨਾ ਕੀਤਾ ਇੰਤਜ਼ਾਰ
ਉਹਨਾਂ ਪਾਇਆ ਨਾ ਮੁੜ ਪਿਆਰ

ਜਿੰਨਾ ਕੀਤਾ ਏ ਪਿਆਰ
ਉਹਨਾਂ ਦੇ ਬੁਰੇ ਏ ਹਾਲ
ਦਿਲਾਂ ਨੂੰ ਮਿਲੇ ਨਾ ਚੈਨ
ਨੈਣ ਰੋਂਦੇ ਰਹਿਣ
ਕਰਦੇ ਨੇ ਪਿਆਰ ਜੋ
ਪੀੜਾਂ ਜੁਦਾਈਆਂ ਵਾਲੀਆਂ ਸਹਿਣ
ਨਹੀਓ ਹੁੰਦਾ ਕਦੇ ਇਸ਼ਕੇ ਤੇ
ਸਾਹਾਂ ਵਾਲਾ ਏਤਬਾਰ
ਉਹਨਾਂ ਦੇ ਬੁਰੇ ਨੇ ਹਾਲ, ਜਿੰਨਾ ਕੀਤਾ ਏ ਪਿਆਰ

ਰਾਤੀ ਉੱਠ ਉੱਠ ਹੌਕੇ ਭਰਦੇ
ਸੁੱਤੇ ਤਾਰਿਆਂ ਨਾਲ ਗੱਲਾਂ ਕਰਦੇ
ਨਾ ਜੀਂਦੇ ਨਾ ਮਰਦੇ
ਰਹਿੰਦੇ ਯਾਰ ਨੂੰ ਯਾਦ ਕਰਦੇ
ਰਹਿੰਦਾ ਏ ਜਿੱਥੇ ਸੀਨੇ ਵਿੱਚ ਸਦਾ ਯਾਰ
ਖਾਂਦੇ ਨੇ ਹੰਝੂ, ਉੱਥੇ ਅੱਖੀਆਂ 'ਚ ਉਬਾਲ
ਜਿੰਨਾ ਕੀਤਾ ਏ ਪਿਆਰ
ਉਹਨਾਂ ਦੇ ਬੁਰੇ ਏ ਹਾਲ
ਸੁਪਣੇ ਬਣਨ ਜੋ ਲੱਖਾਂ
ਵਾਂਗ ਝੜਨ ਓ ਪੱਤਝੜਾਂ
ਜਿੱਥੇ ਰਹਿੰਦੀ ਨਾ ਹੱਥਾਂ 'ਚ ਰੀਜ਼ਾਂ ਦੀ ਵਾਂਗ

ਉੱਥੇ ਜਾਂਦੇ ਨੇ ਗਮ, ਦਿਲ ਦੇ ਵਿਰਾਨੇ ਉਜਾੜ
ਜਿੰਨਾ ਮਨ ਲਿਆ ਰੱਬ, ਯਾਰ
ਉਹਨਾਂ ਤੇ ਚੜਿਆ ਰਹਿੰਦਾ ਫਿਰ
ਉਹਦੀ ਦੀਦ ਦਾ ਖੁਮਾਰ
ਲੱਭ ਲੈਂਦੇ ਓ ਫਿਰ ਯਾਰ 'ਚ ਰੱਬ ਦਾ ਸਾਰ
ਉਹਨਾਂ ਦਾ ਰਹਿੰਦਾ ਏ ਬੁਰਾ ਹਾਲ
ਜਿੰਨਾ ਕੀਤਾ ਏ ਪਿਆਰ

ਗਗਨ ਮੰਗੇ ਨਾ ਕੁੱਝ ਯਾਰ ਤੋਂ
ਬਸ ਮੰਗੇ ਉਹਨੂੰ ਉਹਦੇ ਦੀਦਾਰ ਤੋਂ
ਉਹਨੂੰ ਪਤਾ ਏ ਕੀ ਹੁੰਦਾ ਏ ਹਾਲ
ਜਿੰਨਾ ਕੀਤਾ ਏ ਪਿਆਰ
ਉਹ ਪੁੱਛੇ ਨਾ ਕਦੇ ਉਹਨਾ ਦਾ ਹਾਲ
ਜਿੰਨਾ ਕੀਤਾ ਏ ਇੰਤਜ਼ਾਰ
ਔਖੇ ਲੰਘਦੇ ਨੇ ਦਿਨ
ਤੇ ਰਹਿੰਦੇ ਵਿੱਚ ਯਾਰ ਦੇ ਖਿਆਲ
ਜੋ ਕਰਦੇ ਨੇ ਪਿਆਰ ਓ ਨਹੀਓ ਬੱਚਦੇ
ਅੱਖਾਂ ਬੰਦ ਕਰਨ ਤੇ ਸਾਹਮਣੇ ਸੱਜਣ ਤੱਕਦੇ
ਰਹਿੰਦੇ ਗਮਾਂ 'ਚ ਨੱਚਦੇ
ਕਰਕੇ ਓ ਪਿਆਰ ਨਈਓ ਬੱਚਦੇ

# ਕਹਾਣੀ ਕਲਮ ਦੀ

ਆਜਾ ਤੈਨੂੰ ਮੈਂ ਆਪਣੀ ਕਲਮ ਦੀ ਕਹਾਣੀ ਸੁਣਾਵਾਂ
ਦਰਦਾਂ ਦੀ ਇਹਨੇ ਸ਼ਾਹੀ ਭਰੀ
ਸਿਰਫ਼ ਦਰਦ ਹੀ ਲਿਖਦੀ ਜਾਂਦੀ ਆ
ਜੇ ਮੈਂ ਇਹਨੂੰ ਛੱਡ, ਭੁੱਲ ਕੇ ਤੈਨੂੰ ਯਾਦ ਕਰਾਂ
ਰੁਸ ਕੇ ਬਹਿ ਬਣ ਸੌਂਕਣ ਕੁਰਲਾਉਂਦੀ ਆ
ਪੱਕੀ ਯਾਰੀ ਪਾਈ ਇਹਨੇ ਹੱਥ ਨਾਲ
ਤੇ ਕਾਪੀ ਇਹਦੀ ਬੇਲਣ ਬਣੀ
ਇਕ ਪੱਲ ਨੀ ਸਹਿੰਦੀ ਵਿਛੋੜਾ ਹੱਥ ਦਾ
ਸ਼ਿਵ ਬਟਾਲਵੀ ਦੀ ਏ ਚੇਲਣ ਬਣੀ
ਇਨੂੰ ਕੋਈ ਪਿਆਰ ਦੀ ਗੱਲ ਨੀ ਆਉਂਦੀ
ਲਿਖ ਲਿਖ ਦਰਦ ਸੁਣਾਉਂਦੀ ਆ
ਸਿਰਫ਼ ਗਮ, ਫਟ, ਰੌਣੇ
ਇਸ਼ਕ ਦਾ ਰੋਗ ਹੀ ਗਾਉਂਦੀ ਆ
ਦਿਨੇ ਤਾਂ ਠੀਕ
ਰਾਤ ਨੂੰ ਆਸ਼ਕ ਬਣ ਜਾਂਦੀ ਆ
ਹੱਥ ਦੀ ਗੋਦ ਚ ਬਹਿ ਕੇ
ਆਪਣੇ ਆਪ ਹੀ ਲਿਖਦੀ ਜਾਂਦੀ ਆ
ਇਹਦੀ ਸ਼ਾਹੀ ਨੀ ਮੁਕਦੀ
ਪਤਾ ਨੀ ਮੌਤ ਤੀਕ ਸਾਥ ਨਿਭਾਵੇਗੀ
ਕਰ ਕਰ ਵਰਕੇ ਕਾਲੇ
ਦਰਦਾਂ ਦੀ ਝੜੀ ਲਾਵੇਗੀ
ਕਹਿਰ ਮਚਾਇਆ ਇਹਨੇ ਕਾਪੀ ਤੇ
ਨਾ ਆਪ ਸਾਉਂਦੀ
ਨਾ ਕਾਪੀ ਨੂੰ ਸਾਉਣ ਦੇਂਦੀ
ਸਿਰਫ ਰੋਂਦੀ ਹੀ ਰਹਿੰਦੀ

ਸਿਰਫ ਰੋਂਦੀ ਹੀ ਰਹਿੰਦੀ
ਨਾ ਮਿੱਟੀ - ਮਾਂ ਗੱਲ ਸੁਣਾਉਂਦੀ
ਨਾ ਕਰਦੀ ਗੱਲ ਦੇਸ਼ ਪਿਆਰ ਦੀ
ਕਿੰਨੇ ਲਾਇਆ ਇਹਨੂੰ ਰੋਗ
ਜੋ ਸੁਣਾਉਂਦੀ ਸਿਰਫ ਬਿਮਾਰੀ
ਲੱਗੀ ਜੋ ਯਾਰ ਦੀ
ਇਹ ਕਲਮ ਜਨਮੀ ਏ ਤੇਰੇ ਲਈ
ਮਰੇਗੀ ਵੀ ਤੇਰੇ ਲਈ
ਇਹਦਾ ਸਵੇਰਾ ਨਾ ਹੋਵੇ ਬਿਨ ਨਾਮ ਤੇਰੇ
ਤੇ ਨਾ ਸ਼ਾਮ ਢਲੇ ਗੀਤ ਲਿਖੇ ਬਿਨਾ ਤੇਰੇ
ਤੇਰੀ ਨਾ ਇਹ ਗੁਲਾਮ ਏ
ਤੇ ਨਾ ਹੀ ਏ ਆਜ਼ਾਦ ਏ
ਨਾ ਏਨੇ ਜ਼ੰਜ਼ੀਰਾਂ ਬੇੜੀਆਂ ਪਾਈਆਂ
ਤੇ ਨਾ ਹੀ ਸਲਾਖਾਂ ਦੇ ਪਿੱਛੇ
ਇਹਦੀ ਆਵਾਜ਼ ਏ
ਜੇ ਕੋਈ ਪੜੇ,
ਜਿਵੇਂ ਚਾਂਦੀ ਦੀਆਂ ਝਾਂਜਰਾਂ ਦੀ
ਇਹਦੇ ਸ਼ਬਦਾਂ ਚੋਂ ਨਿਕਲਦੀ ਇਕ ਛਣਕਾਰ ਏ
ਜੋ ਪਿਆਰ ਚ ਰਲ ਬਿਰਹਾ ਨੂੰ ਪਾਉਂਦੀ ਵੰਗਾਰ ਏ
ਇਹ ਕਲਮ ਜਿਵੇਂ ਦਰਦਾਂ ਲਈ ਸ਼ਿੰਗਾਰ ਆ
ਜਿਸਨੂੰ ਰੋਕਣਾ ਮੇਰੇ ਵੱਸ ਨੀ
ਜੋ ਹੱਥ ਚ ਬਹਿ ਹੁੰਦੀ ਟੱਸ ਨੀ
ਇਹ ਕਲਮ ਇਕ ਦਿਨ ਗੀਤ ਗਾਵੇਗੀ ਪਿਆਰ ਦਾ
ਅਮਰ ਕਰ ਜਾਵੇਗੀ ਨਾਮ ਮੇਰੇ ਯਾਰ ਦਾ
ਇਸ ਕਲਮ ਦੇ ਨਾਲ ਮੇਰਾ ਜਹਾਨ ਹੈ
ਵਿੱਚ ਵਸਦਾ ਮੇਰਾ ਦੀਨ ਇਮਾਨ ਏ
ਜੋ ਲਿਖ-ਲਿਖ ਸੁਣਾਉਂਦੀ ਮੇਰੇ

ਯਾਰ ਦਾ ਬਿਆਨ ਏ
ਏਸੀ ਕਲਮ ਨੂੰ ਦਿਲੋਂ ਸਲਾਮ ਏ
ਦਿਲੋਂ ਸਲਾਮ ਏ

# ਜੇ ਚੰਨ ਵਲ ਤੱਕਾਂ

ਜੇ ਚੰਨ ਵਲ ਤੱਕਾਂ, ਮੈਨੂੰ ਮੇਰਾ ਯਾਰ ਦਿਸਦਾ
ਲਾ ਕੇ ਸਿਤਾਰੇ ਕਾਲੀ ਚੁੰਨੀ ਤੇ
ਹੱਸ ਹੱਸ ਖਿੜਦਾ
ਤਕ ਕੇ ਮੇਰੇ ਵਲ
ਮੁਖ ਬਦਲਾਂ ਚ ਭਿੜਦਾ
ਓਹਦੀ ਇਸ ਅਦਾ ਚ
ਮੈਨੂੰ ਮੇਰੇ ਯਾਰ ਦਾ ਸਾਰ ਦਿਸਦਾ
ਜੇ ਚੰਨ ਵਲ ਤੱਕਾਂ, ਮੈਨੂੰ ਮੇਰਾ ਯਾਰ ਦਿਸਦਾ

ਜਦ ਗੁਲਾਬ ਵੱਲ ਤੱਕਾਂ, ਮੈਨੂੰ ਮੇਰਾ ਯਾਰ ਦਿਸਦਾ
ਸੂਹੇ ਪਤੀਆਂ ਦੇ ਵਿਚ
ਸੂਹੇ ਬੁਲਾਂ ਦੀ ਝਲਕ ਵੇਚਦਾ
ਜਿਵੇਂ ਇਕ ਭੌਰਾ
ਬਹਿ ਕੇ ਓਹਦੇ ਕਦਮਾਂ ਚ ਮਥਾ ਟੇਕਦਾ
ਮੈਨੂੰ ਲੱਗੇ ਜਿਵੇਂ, ਮੈਂ ਓਹਦੇ ਸ਼ਹਿਰ ਚ ਬੈਠਾ
ਉਹਨੂੰ ਵੇਖਦਾ
ਜਦ ਜਦ ਗੁਲਾਬ ਵੱਲ ਤੱਕਾਂ, ਮੈਨੂੰ ਮੇਰਾ ਯਾਰ ਦਿਸਦਾ

ਜੇ ਮੈਂ ਤਿੱਤਲੀ ਵੱਲ ਤੱਕਾਂ, ਮੈਨੂੰ ਮੇਰਾ ਯਾਰ ਦਿਸਦਾ
ਉਹਦੀ ਮਟਕਾਣੀ ਚਾਲ ਚ
ਮੈਂ ਯਾਰ ਦੀ ਟੌਰ ਵੇਖਦਾ
ਉਹਦੀ ਚੰਚਲ ਅਦਾ ਵੇਖ
ਜਿਵੇਂ ਇੱਕ ਬੱਚੜਾ
ਓਹਦੇ ਪਿੱਛੇ ਦੌੜਦਾ
ਮੈਨੂੰ ਜਾਪੇ ਜਿਵੇਂ ਮੈਂ,
ਉਹਦੀ ਢਾਚੀ ਚ ਗਵਾਚਿਆਂ

ਉਹਦੀਆਂ ਰਾਵਾਂ ਤੇ ਰੇਂਗਦਾ
ਜੇ ਮੈਂ ਤਿੱਤਲੀ ਵੱਲ ਤੱਕਾਂ, ਮੈਨੂੰ ਮੇਰਾ ਯਾਰ ਦਿਸਦਾ

ਜੇ ਪਿੰਡ ਖੂਹ ਵੱਲ ਵੇਖਾਂ, ਮੈਨੂੰ ਮੇਰਾ ਯਾਰ ਦਿਸਦਾ
ਟਿੰਢਾਂ ਦੀ ਛਣਕਾਰ ਚ
ਬਹਿ ਕੇ ਝਾਂਜਰਾਂ ਦੀ ਆਵਾਜ਼ ਸੁਣਦਾ
ਬਲਦਾਂ ਦੇ ਚੱਕਰਾਂ ਵਿੱਚ
ਤੇਰੀਆਂ ਸੋਚਾਂ ਨਾਲ ਲਿਪਟਦਾ
ਨਿਕਲਦੇ ਪਾਣੀਆਂ ਦੇ ਹਾਵਾਂ ਚੋਂ
ਦੂਰੋਂ ਦੂਰੋਂ ਹੱਥ ਸੇਕਦਾ
ਮੈਨੂੰ ਜਾਪੇ, ਜਿਵੇਂ ਮੈਂ ਯਾਰ ਨੂੰ ਵੇਖਦਾ

ਜੇ ਰਾਤੀ ਦਿਵੜੇ ਨੂੰ ਤੱਕਾਂ,
ਮੈਨੂੰ ਮੇਰਾ ਯਾਰ ਦਿਸਦਾ
ਉਸ ਮਿੱਟੀ ਚੋਂ ਨਿਕਲਦਾ ਲਾਟ
ਯਾਰ ਦੇ ਮੁਖੜੇ ਦੇ ਤੇਜ਼ ਵਰਗਾ
ਜਿਨੂੰ ਵੇਖ ਪਰਵਾਨਾ ਵਿੱਚ ਮਾਰਦਾ ਏ ਛਾਲ
ਜਮਾਂ ਮੇਰੇ ਪਿਆਰ ਵਰਗਾ
ਦੀਵਾ ਚਮਕਦਾ ਰਵੇ ਸਾਰੀ ਰਾਤ ਤਾਂਵੀ
ਜਮਾਂ ਮੇਰੇ ਯਾਰ ਵਰਗਾ
ਜੇ ਮੈਂ ਦੀਵੇ ਵੱਲ ਤੱਕਾਂ
ਮੈਨੂੰ ਲੱਗੇ ਜਿਵੇਂ ਮੈਨੂੰ ਮੇਰਾ ਯਾਰ ਵਾਜ਼ਾਂ ਮਾਰਦਾ

ਜੇ ਉੱਚੀਆਂ ਪਹਾੜੀਆਂ ਨੂੰ ਤੱਕਾਂ
ਮੈਨੂੰ ਮੇਰਾ ਯਾਰ ਦਿਸਦਾ
ਬਹਿ ਕੇ ਟੀਸੀਆਂ ਤੇ ਜਿਵੇਂ ਸੂਰਜ਼ ਨੋਚਦਾ
ਇਕ ਦੁਦਾਰੂ ਝਰਨਾ ਵਗੇ ਉਹਦੇ ਗੱਲ ਚੋਂ

ਜਿਵੇਂ ਮੋਤੀਆਂ ਦਾ ਹਾਰ ਉਹਦੇ ਮੇਚ ਦਾ
ਰੁੱਖਾਂ ਜਿਹਦਿਆਂ ਤੇ ਆਲ੍ਹਣੇ ਚੈਂ-ਚੈਂਗੇਰੂਆਂ ਦੇ
ਲੱਗਦਾ ਏ ਮੈਨੂੰ ਜਿਵੇਂ ਉਹਦੇ ਝੁਮਕਿਆਂ
ਦੇ ਵਿਚੋਂ, ਛੋਟਾ ਛੋਟਾ ਘੁੰਗਰੂ
ਪਿਆਰ ਦਾ ਸਾਜ਼ ਮੇਰੇ ਕੰਨਾਂ ਚ ਬੀੜ ਦਾ
ਜੇ ਮੈਂ ਉੱਚੇ ਟਿੱਲਿਆਂ ਵੱਲ ਦੇਖਾਂ, ਮੈਨੂੰ ਮੇਰਾ ਯਾਰ ਦਿਸਦਾ

ਜੇ ਮੈਂ ਦੇਵਨਦੀ ਵੱਲ ਤੱਕਾਂ
ਮੇਰੀਆਂ ਅੱਖੀਆਂ ਚੋਂ ਪਾਣੀ ਰਿਸ ਦਾ
ਉਹਦੇ ਖਿੜ-ਖਿੜ ਪਾਣੀਆਂ ਦੀ ਆਵਾਜ਼
ਮੇਰੇ ਬੁਲ੍ਹਾਂ ਤੇ ਸੂਈ ਫੇਰਦਾ
ਉਹਦਾ ਵਹਿੰਦਾ ਰੂਪ
ਮੇਰੇ ਦਰਦਾਂ ਦੀ ਕਹਾਣੀ ਛੇੜਦਾ
ਜਿਵੇਂ ਇੱਕ ਸੁਪੇਰਾ ਨਾਗ ਕੀਲ
ਪਟਾਰੀ ਚ ਪਾ ਉੱਤੇ ਬੀਣ ਫੇਰਦਾ
ਜੇ ਮੈਂ ਉਸ ਨਦੀ ਵੱਲ ਵੇਖਾਂ
ਮੈਨੂੰ ਮੇਰਾ ਪਿਆਰ ਦਿਸਦਾ
ਇੱਕ ਟੁੱਟਿਆ ਹੋਇਆ
ਤੂੰਬੀ ਦਾ ਤਾਰ ਦਿਸਦਾ.........

# ਇੱਕ ਜਖ਼ਮੀ ਦਿਲ

ਵੱਲ ਵਲੇਵੇਂ ਖਾਂਦਾ
ਪਰ ਹੌਕਿਆਂ ਤੋਂ ਨਾ ਡਰਦਾ
ਸੱਟਾਂ ਖਾ ਕੇ ਵੀ
ਰਹਿੰਦਾ ਯਾਰ ਨੂੰ ਯਾਦ ਕਰਦਾ
ਸਿਫ਼ਤਾਂ ਦੇ ਬੁਣਦਾ ਸੁਪਣੇ
ਵਿੱਚ ਸਿਫ਼ਤਾਂ ਦੇ ਹੀ ਰਹਿੰਦਾ ਮਰਦਾ
ਹੋਰ ਕੋਈ ਨਈਓ
ਤੈਨੂੰ ਯਾਦ ਕਰ
ਜੇਹਦੀ ਅੱਖੀਆਂ ਚੋਂ ਨਿਕਲਦੀ ਸਿਲ
ਇਕ ਜਖ਼ਮੀ ਦਿਲ
ਨੀ ਇੱਕ ਜਖ਼ਮੀ ਦਿਲ

ਲਾਂਭੂ ਉੱਠਦੇ ਨੇ ਜਿਹਦੇ ਵਿੱਚੋਂ
ਉਹ ਧੂੰਵੇਆਂ ਤੋਂ ਨਾ ਡਰਦਾ
ਲੰਬੇ ਲੰਬੇ ਹੌਕੇ ਲੈ
ਰਾਤੀ ਗੱਲਾ ਗੱਲਾਂ ਤਾਰਿਆਂ ਨਾਲ ਕਰਦਾ
ਕਦੇ ਉਹਨਾਂ ਤੋਂ ਪੁੱਛਦਾ ਏ ਹਾਲ
ਕਦੇ ਉਹਨਾਂ ਨੂੰ ਸੁਣਾਂਵਦਾ
ਜੋ ਹਵਾ ਦੇ ਕੰਨਾਂ ਵਿੱਚ ਕਹਿ
ਸੁਨੇਹਾ ਤੈਨੂੰ ਭੇਜਦਾ
ਜੋ ਕਹਿੰਦਾ ਇੱਕ ਵਾਰ ਆ ਮਿਲ
ਤੂੰ ਇੱਕ ਵਾਰ ਆ ਮਿਲ
ਹੋਰ ਕੋਈ ਨਈਓ
ਇੱਕ ਜਖ਼ਮੀ ਦਿਲ
ਇੱਕ ਜਖ਼ਮੀ ਦਿਲ

ਨੈਣਾਂ ਦੇ ਹੰਝੂ ਰੁਲਦੇ ਵਿੱਚ ਚਾਸ ਦੇ
ਹੰਝੂਆਂ 'ਚ ਜੋ ਗਮ, ਓ ਕਾਸ ਦੇ
ਕੱਢ-ਕੱਢ ਗਲੋਚ
ਬੁੱਲ੍ਹ ਮਨ ਦੇ ਹਕਲਾ ਜਾਣ
ਪਲਕਾਂ ਨੈਣਾਂ ਦੀਆਂ ਕਿੱਥੇ ਸੌਣ
ਅੱਖਾਂ ਨੂੰ ਰਾਤਾਂ ਖਾ ਜਾਣ
ਰਾਤਾਂ ਦਾ ਜਲਾਦ ਖੰਜ਼ਰ ਫੜ ਜਦ ਆਵੇ
ਝਾੜ ਜਾਵੇ ਮੇਰੀ ਨੀਂਦ ਸਮਝ ਇੱਕ ਛਾਗੀ
ਉੱਤੋਂ ਗਾਵੇ ਰੂਹਾਂ ਦੇ ਨਗਮੇਂ
ਬਣ ਕੇ ਇੱਕ ਸੁਰਾਂ ਦਾ ਰਾਗੀ
ਯਾਦਾਂ ਡੰਗੇ, ਜਿਵੇਂ ਇੱਕ ਖਿੱਲ
ਹੋਰ ਕੋਈ ਨਈਓ ਜੋ ਤੜਫਾਉਂਦਾ
ਇੱਕ ਜਖ਼ਮੀ ਦਿਲ
ਇੱਕ ਜਖ਼ਮੀ ਦਿਲ

ਮਾਸ ਦੀ ਇੱਕ ਛਾਗਲ ਬਣਾਈ ਬੈਠਾ
ਜ਼ਹਿਨ ਚੋਂ ਕੱਢ ਯਾਦਾਂ ਦੀ ਛਾਣਸ
ਦਰਦਾਂ ਨਾਲ ਰਲਾ ਵਿੱਚ ਸਾਂਭੀ ਬੈਠਾ
ਸੀਨਾ ਤਾਣ ਕੇ ਖੜਿਆ
ਗਵਾਚਿਆਂ ਦੀ ਤਾਂਘ ਲਾਈ ਬੈਠਾ
ਉਹਦੀ ਤਾਕ ਲਈ ਉਹਦੇ ਸ਼ਹਿਰ
'ਚ ਘੁਮਦਾ ਫਿਰੇ
ਤਾਜ਼ੀਮ ਉਹਦੀ ਦੇ ਲਈ ਸੁਪਣੇ ਸਜਾਈ ਬੈਠਾ
ਠੋਕ ਕੇ ਆਪਣੇ ਸੀਨੇ ਦੇ ਵਿੱਚ ਕਿੱਲ
ਹੋਰ ਕੋਈ ਨਈਓ
ਇੱਕ ਜਖ਼ਮੀ ਦਿਲ
ਇੱਕ ਜਖ਼ਮੀ ਦਿਲ

ਫੜ ਕੇ ਦਹਰਾ ਝੜੀ ਯਾਦਾਂ ਦੀ ਝਾੜੇ
ਨਿਕਲਦੇ ਹਾਵੇ, ਨਿਕਲੇ ਨੈਣਾਂ ਚੋਂ ਖਾਰੇ
ਖਾਰਿਆਂ ਦੀ ਛਬੀਲ, ਜਿਨੂੰ ਇੱਕ ਆਸ
ਬੰਜਰ ਜ਼ਮੀਨ ਆ, ਨਾ ਪਿਆਸੀ
ਨਾ ਰੱਜੀ, ਨਾ ਬੁੱਝੀ ਪਿਆਸ
ਸਾਹਾਂ ਦੀ ਬੇੜੀ ਖੜਾ ਕੇ ਵਿੱਚ ਰੇਤ ਦੇ
ਸੁੱਕੇ ਰੁੱਖ ਨਾਲ ਬੰਨ੍ਹ ਜ਼ੰਜੀਰ
ਚੱਪੂ ਚਲਾਏ ਕਦਮਾਂ ਚ ਮੱਥਾ ਟੇਕ ਕੇ
ਗਰਾਂ ਉਹਦਾ ਸਮਝੀ ਬੈਠਾ ਏ ਮੰਜ਼ਿਲ
ਵੇ ਏਹਨੂੰ ਕੌਣ ਸਮਝਾਵੇ
ਜੋ ਹੁਣ ਖੁੰਝੇ ਲੱਗੀ ਬੈਠਾ, ਵਿੱਚ ਰੋਣਿਆਂ ਦੀ ਬਿੱਲ
ਇੱਕ ਜਖ਼ਮੀ ਦਿਲ
ਨੀ ਇੱਕ ਜਖ਼ਮੀ ਦਿਲ

ਨਿਰਣੇ ਕਾਲਜੇ ਨੂੰ ਜੋ ਕਾਲਜਾ ਸੇਕਦਾ
ਰੋਂਗਟਿਆਂ ਦੀ ਜੜ 'ਚ
ਪੀਕ ਗਮਾਂ ਦੀ ਫੇਂਕਦਾ
ਭਰ ਭਰ ਆਪਣੇ ਲਹੂ ਦੀ ਸ਼ਾਹੀ
ਦਰਦ ਕਲਮ ਚੋਂ ਕੱਢ ਕਾਪੀ ਤੇ ਰੇਂਗਦਾ
ਮਾਸ ਨੋਚੇ ਕੱਢ ਕੇ ਚਿਮਟੇ ਵਿੱਚੋਂ ਭੱਖਦੇ ਦਿਲ
ਜਿਵੇਂ ਵਿੱਚ ਹੱਡ ਰੋੜਿਆਂ ਦੇ
ਬੋਟੀਆਂ ਨੋਚਦੀ ਇਕ ਇੱਲ
ਉਂਝ ਹੀ ਏ ਮੇਰਾ ਜਖ਼ਮੀ ਦਿਲ
ਉਂਝ ਹੀ ਏ ਮੇਰਾ ਜਖ਼ਮੀ ਦਿਲ

# ਰੋਗ

ਵੇ ਤੂੰ ਕਿਹੜਾ ਰੋਗ ਲਵਾ ਆਇਆ
ਜੋ ਤਾਰਿਆਂ ਨੂੰ ਸੁਣਾਉਂਦਾ ਫਿਰੇ
ਰਾਤਾਂ ਨੂੰ ਗਾਉਂਦਾ ਫਿਰੇ
ਚੋਰੀ-ਚੋਰੀ ਇਹਨਾ ਨੈਣਾਂ 'ਚ
ਜੋ ਛੁਪਾ ਆਇਆ
ਵੇ ਤੂੰ ਕਿਹੜਾ ਰੋਗ ਲਵਾ ਆਇਆ

ਤਕੀਏ 'ਚ ਅੱਖਾਂ ਵਾੜ੍ਹ
ਜੋ ਤੂੰ ਹੌਕੇ ਲਵੇਂ
ਖੁੰਡੇ ਲੱਗੇ
ਸਾਰੀ ਰਾਤ ਰੋਵੇ
ਹਾਸੇ ਕੇਹਦੇ ਵਿਹੜੇ 'ਚ ਤੂੰ ਗਵਾ ਆਇਆ
ਵੇ ਤੂੰ ਕਿਹੜਾ ਰੋਗ ਲਵਾ ਆਇਆ

ਪੱਤਝੜਾਂ ਦੇ ਪੱਤਿਆਂ ਵਾਂਗ
ਤੂੰ ਰੁੱਲਦਾ ਫਿਰੇ
ਬੈਠਾ-ਬੈਠਾ ਕਿਹਦੇ ਸੁਪਣਿਆਂ 'ਚ
ਤੂੰ ਝੂਲਦਾ ਫਿਰੇ
ਕਿਹਦੇ ਕੋਲੋਂ ਸੂਰਮਾਂ ਕੰਡਿਆਂ ਦਾ ਪਿਸਵਾ
ਅੱਖੀਆਂ 'ਚ ਪਵਾ ਆਇਆ
ਵੇ ਤੂੰ ਕਿਹੜਾ ਰੋਗ ਲਵਾ ਆਇਆ

ਰੋਂਦਾ ਰੋਂਦਾ ਤਾਨੇ ਤੂੰ
ਰੱਬ ਨੂੰ ਦੇਵੇਂ
ਕਦੇ ਕਰੇ ਉਡੀਕ ਤੂੰ ਕਿਸੇ ਦੀ
ਕਦੇ ਤੂੰ ਉਹਨੂੰ ਭੁਲਾਉਂਦਾ ਫਿਰੇ

ਪੀੜਾਂ ਕਿਹਦੀਆਂ
ਤੂੰ ਆਪਣੀ ਝੋਲੀ ਪਵਾ ਆਇਆ
ਵੇ ਤੂੰ ਕਿਹੜਾ ਰੋਗ ਲਵਾ ਆਇਆ

ਵੇ ਲੁੱਕ ਲੁੱਕ ਤੂੰ
ਕਿਹਦੀਆਂ ਤਸਵੀਰਾਂ ਤੱਕਦਾਂ ਫਿਰੇ
ਕਦੇ ਰੋਂਦਾ ਤੇ
ਕਦੇ ਹੱਸਦਾ ਫਿਰੇ
ਨੈਣਾਂ 'ਚ ਨਕਸ਼ੇ ਉਤਾਰ ਕੇ
ਕੋਰੇ ਕਾਗਜ਼ਾਂ ਤੇ ਕਾਲਖ ਘਸੀੜਦਾ ਫਿਰੇਂ
ਵੇ ਤੂੰ ਓਪਰੇ ਸ਼ਹਿਰ ਗਿਆ
ਕਿਹੜੀਆਂ ਜ਼ੰਜੀਰਾਂ 'ਚ ਪੈਰ ਫਸਾ ਆਇਆਂ
ਵੇ ਤੂੰ ਕਿਹੜਾ ਰੋਗ ਲਵਾ ਆਇਆ

ਗਲੀ ਦੇ ਪੱਥਰਾਂ ਤੋਂ ਤੂੰ
ਠੇਢੇ ਲਵਾਉਂਦਾ ਫਿਰੇ
ਤੱਪਦੀਆਂ ਰਾਵਾ ਤੇ ਪੂਨੂੰ ਵਾਂਗ
ਮਾਸ ਛਿਲਾਉਂਦਾ ਫਿਰੇ
ਕਿਹਦੀ ਆਵਾਜ਼ ਸੁਣ
ਜੋ ਤੂੰ ਨਵੀਂ ਮੰਜ਼ਿਲ ਬਣਾ ਆਇਆਂ
ਵੇ ਤੂੰ ਕਿਹੜਾ ਰੋਗ ਲਵਾ ਆਇਆ

ਤੂੰ ਰੋਣਿਆਂ 'ਚ ਹਾਸੇ ਲੱਭਦਾ ਫਿਰੇ
ਬੀਤੇ ਸਮਿਆਂ ਦੇ ਚਹਿਰੇ,
ਦੰਦਾਂ 'ਚ ਚੱਭਦਾ ਫਿਰੇ
ਸੁੱਤੇ ਸੁੱਤੇ ਪਤਾ ਨੀ
ਕਿਹਦਾ ਨਾ ਤੂੰ ਜਪਦਾ ਫਿਰੇ

ਜੋ ਜੁੱਤੀ ਪੈਰਾਂ ਦੀ
ਸਿਰ ਉੱਤੇ ਰੱਖਦਾ ਫਿਰੇ
ਸਿਰ ਲਾ ਕੇ ਅਪਣਾ
ਉੱਤੇ ਕਫ਼ਨ ਸਜ਼ਾ ਕੇ ਸੱਜਰਾ
ਕਿਹਦੇ ਘਰ ਸੂਲੀ ਤੇ ਟਿਕਾ ਆਇਆ
ਮੈਨੂੰ ਲਗਦਾ
ਤੂੰ ਇਸ਼ਕੇ ਦਾ ਰੋਗ ਲਵਾ ਆਇਆ
ਜਿਸਤੋਂ ਬੱਚਦੀ ਦੁਨੀਆ ਸਾਰੀ
ਤੂੰ ਓਸੇ ਮੌਤ ਨਾਲ ਯਾਰੀ ਪਾ ਆਇਆ
ਮੈਨੂੰ ਲਗਦਾ
ਤੂੰ ਇਸ਼ਕੇ ਦਾ ਰੋਗ ਲਵਾ ਆਇਆ

# ਲਹਿਰਾਂ ਇਸ਼ਕੇ ਦੀਆਂ

ਹਾਏ ਵੇ ਲਹਿਰਾਂ ਇਸ਼ਕੇ ਦੀਆਂ
ਮੇਰੀਆਂ ਅੱਖਾਂ 'ਚ ਛੱਲਾਂ ਖਾਵਣ
ਵੇ ਲਹਿਰਾਂ ਇਸ਼ਕੇ ਦੀਆਂ
ਹਾਏ ਵੇ ਨਗਮੇਂ ਇਸ਼ਕੇ ਦੇ
ਸਾਡੇ ਸੀਨੇ ਦੇ ਲਾਂਭੂ ਗਾਵਣ
ਵੇ ਨਗਮੇ ਇਸ਼ਕੇ ਦੇ

ਨੈਣ ਮਰਦੇ, ਰਹਿਣ ਵਰਦੇ
ਬੰਜ਼ਰ ਬੁੱਲ੍ਹਾਂ ਦਾ ਗਲ ਭਰਦੇ
ਵੇ ਨੈਣ ਵਰਦੇ
ਤੇਰੀ ਦੀਦ, ਮੇਰੀ ਨੀਂਦ
ਦੋਵੇਂ ਸੀਵਿਆਂ ਨੂੰ ਭੱਜੀਆਂ ਜਾਵਣ
ਵੇ ਤੇਰੀ ਦੀਦ, ਮੇਰੀ ਨੀਂਦ

ਹਾਏ ਵੇ ਲਹਿਰਾਂ ਇਸ਼ਕੇ ਦੀਆਂ
ਮੇਰੀਆਂ ਅੱਖਾਂ 'ਚ ਛੱਲਾਂ ਖਾਵਣ
ਵੇ ਲਹਿਰਾਂ ਇਸ਼ਕੇ ਦੀਆਂ
ਹਾਏ ਵੇ ਸਾਜ਼ ਇਸ਼ਕੇ ਦੇ
ਮੈਨੂੰ ਤੂੰਬਾ ਬਣਾ ਵਜਾਵਣ
ਵੇ ਸਾਜ਼ ਇਸ਼ਕੇ ਦੇ

ਦਿਲ ਡਰਦਾ, ਪਿਆਰ ਕਰਦਾ
ਰਹਿੰਦਾ ਇਸ਼ਕ ਫਟਾਂ ਨੂੰ ਭਰਦਾ
ਵੇ ਦਿਲ ਡਰਦਾ
ਝਾਕਾ ਤੇਰਾ, ਰੱਬ ਦਾ ਫੇਰਾ
ਮੋਈਆਂ ਅੱਖਾਂ 'ਚ ਫੇਰ ਨਾ ਆਵਣ
ਵੇ ਝਾਕਾ ਤੇਰਾ, ਰੱਬ ਦਾ ਫੇਰਾ

ਹਾਏ ਵੇ ਲਹਿਰਾਂ ਇਸ਼ਕੇ ਦੀਆਂ
ਮੇਰੀਆਂ ਅੱਖਾਂ 'ਚ ਛੱਲਾਂ ਖਾਵਣ
ਵੇ ਲਹਿਰਾਂ ਇਸ਼ਕੇ ਦੀਆਂ
ਹਾਏ ਵੇ ਫੁੱਲ ਇਸ਼ਕੇ ਦੇ

ਬਿਨ ਕੰਡਿਆਂ ਤੋਂ ਮੁਰਝਾਏ ਜਾਵਣ
ਵੇ ਫੁੱਲ ਇਸ਼ਕੇ ਦੇ
ਸਾਹ ਚੜ੍ਹਦਾ, ਹੌਕੇ ਭਰਦਾ
ਰਹਿੰਦਾ ਤਪਦਾ ਸੀਨਾ ਠਾਰਦਾ
ਵੇ ਸਾਹ ਚੜ੍ਹਦਾ
ਤੇਰੀ ਯਾਦ, ਮੇਰੀ ਰਾਤ
ਜਿਵੇਂ ਵਰਦਾ ਬਿਨ ਬਦਲਾਂ ਦਾ ਸਾਵਣ
ਵੇ ਤੇਰੀ ਯਾਦ, ਮੇਰੀ ਰਾਤ

ਹਾਏ ਵੇ ਲਹਿਰਾਂ ਇਸ਼ਕੇ ਦੀਆਂ
ਮੇਰੀਆਂ ਅੱਖਾਂ 'ਚ ਛੱਲਾਂ ਖਾਵਣ
ਵੇ ਲਹਿਰਾਂ ਇਸ਼ਕੇ ਦੀਆਂ
ਹਾਏ ਵੇ ਨਗਮੇਂ ਇਸ਼ਕੇ ਦੇ
ਸਾਡੇ ਸੀਨੇ ਦੇ ਲਾਂਭੂ ਗਾਵਣ
ਵੇ ਨਗਮੇ ਇਸ਼ਕੇ ਦੇ

# ਤੇਰਾ ਇੰਤਜ਼ਾਰ

ਤੇਰਾ ਇੰਤਜ਼ਾਰ
ਤੇਰਾ ਇੰਤਜ਼ਾਰ
ਅੱਖੀਆਂ ਰਹਿਣ ਵੱਗਦੀਆਂ
ਜਿਵੇਂ ਨਦੀਆਂ 'ਚ
ਲਹਿਰਾਂ ਦੀ ਬੋਛਾੜ
ਤੇਰਾ ਇੰਤਜ਼ਾਰ
ਮੇਰੇ ਨੈਣ ਕਰਦੇ ਰਹਿਣ

ਤੇਰੇ ਆਵਣ ਦੇ ਝਾਕੇ ਪੈਣ
ਮੈਨੂੰ ਨਾਗਾਂ ਬਣ ਢੰਗਦੇ ਰਹਿਣ
ਮੇਰਾ ਦਿਲ ਤੇ ਚੈਨ
ਅਸ਼ਕ ਡੋਲ, ਤੈਨੂੰ ਰੱਬ ਕੋਲੋਂ ਮੰਗਦੇ ਰਹਿਣ
ਤੇਰਾ ਇੰਤਜ਼ਾਰ
ਮੇਰੇ ਨੈਣ ਕਰਦੇ ਰਹਿਣ

ਸਵੇਰੇ ਹਨੇਰੇ ਕੋਲ ਬਹਿਣ
ਮੈਨੂੰ ਰਾਖਾਂ ਵਿਚੋਂ ਤੱਕਦੇ ਰਹਿਣ
ਮੇਰੇ ਬੁੱਲ੍ਹ ਤੇ ਨੈਣ
ਯਾਦਾਂ ਘੋਲ, ਪਿਆਲਾ ਹੰਝੂਆਂ ਦਾ ਚੱਖਦੇ ਰਹਿਣ
ਤੇਰਾ ਇੰਤਜ਼ਾਰ
ਮੇਰੇ ਨੈਣ ਕਰਦੇ ਰਹਿਣ

ਬਨੇਰਿਆਂ ਤੇ ਕਾਂ ਕੁਰਲਉਂਦੇ ਬਹਿਣ
ਦੁੱਖਾਂ ਦੀ ਚੰਗੇਰ ਬੁਣਦੇ ਰਹਿਣ
ਇੱਕ-ਇੱਕ ਅੱਥਰੂ ਦਾ ਵਹਿਣ
ਮਿੱਟੀ 'ਚ ਰੋਲ, ਨੈਣ ਹੱਸਦੇ ਕਹਿਣ
ਤੇਰਾ ਇੰਤਜ਼ਾਰ
ਤੇਰਾ ਇੰਤਜ਼ਾਰ ਅਸੀਂ ਕਰਦੇ ਰਹਿਣ

# ਇੱਕ ਕੁੜੀ ਦੀ ਆਵਾਜ਼

ਇੱਕ ਕੁੜੀ ਦੀ ਆਵਾਜ਼
ਮੇਰੇ ਦਿਲ ਤੇ ਰਾਜ
ਮੇਰੇ ਕੰਨ੍ਹਾਂ 'ਚ ਵੱਜੇ
ਹਰ ਰਾਤ
ਹਰ ਰਾਤ

ਉਹਦੀ ਆਵਾਜ਼ 'ਚ ਓ ਰਾਗ
ਤੱਬਲਿਆਂ ਦੇ ਸਿਲੇ ਹੋ ਸਾਜ
ਤੁੰਬੀ ਦਾ ਤਾਰ ਚੁੱਪ
ਵਾਜ਼ਿਆਂ ਦੀ ਗਵਾਚੀ ਆਵਾਜ਼
ਇੱਕ ਕੁੜੀ ਦੀ ਆਵਾਜ਼
ਮੇਰੇ ਦਿਲ ਤੇ ਰਾਜ

ਲੂਣ ਦੀਆਂ ਡਲੀਆਂ
ਕੌੜੇ ਤੋਂ ਮਿਠਾਸ
ਬੁੱਲ੍ਹਾਂ ਦੀ ਬੰਜ਼ਰ ਧਰਤੀ
ਤੇ ਡੁੱਲ੍ਹਿਆ ਅੰਬਰਾਂ ਦਾ ਰਾਸ
ਭਿੱਜ-ਭਿੱਜ ਬਾਰਸ਼ਾਂ 'ਚ
ਰੂਹ ਕੰਬੇ ਹਰ ਰਾਤ
ਜਿਨੂੰ ਵੇਖ ਦਿਲ ਫਿਰ ਕਰੇ ਨਾਜ਼
ਇੱਕ ਕੁੜੀ ਦੀ ਆਵਾਜ਼
ਮੇਰੇ ਦਿਲ ਤੇ ਰਾਜ

ਮੰਦਰਾਂ ਦੇ ਟੱਲ ਚੁੱਪ
ਢੋਲਕੀਆਂ ਛੈਣਿਆਂ ਦਾ ਖੁੱਲੇ ਨਾ ਮੁੱਖ
ਬੋਲੀ ਤੇਰੀ ਦੇ ਮੈਂ ਕੀ ਸੁਣਾਵਾਂ ਅਲਫਾਜ

ਜਿਨੂੰ ਰੱਖਿਆ ਸਿਰ ਉੱਤੇ ਵਾਂਗ ਤਾਜ
ਇੱਕ ਕੁੜੀ ਦੀ ਆਵਾਜ਼
ਮੇਰੇ ਦਿਲ ਤੇ ਰਾਜ

ਨੀਂਦਾਂ ਨੇ ਕੀਤੇ ਬੂਹੇ ਬੰਦ
ਤਾਰਿਆਂ ਦੇ ਵਹਿੜੇ ਚਮਕੇ ਚੰਨ
ਹਨੇਰਿਆਂ ਦੇ ਵਿੱਚ
ਇੱਕ ਆਵਾਜ਼ ਦੀ ਛਣਕਾਰ
ਲੋਕਾਂ ਲਈ ਪੰਜ
ਮੇਰੇ ਲਈ ਹਰ ਵੇਲੇ ਨਾਮਾਜ਼
ਇੱਕ ਕੁੜੀ ਦੀ ਆਵਾਜ਼
ਮੇਰੇ ਦਿਲ ਤੇ ਰਾਜ

ਪੱਥਰਾਂ ਤੇ ਸਿਰ ਵੱਜੇ
ਝਰਨਿਆਂ ਦੇ
ਨਾ ੳ ਰੋਂਦੀ ਆਵਾਜ਼
ਜੰਗਲ ਦੀ ਕੂਲ ਵਿੱਚ
ਵਹਿੰਦੀ ਜਾਵੇ
ਨਾ ੳ ਹਸਦੀ ਆਵਾਜ਼
ਆਜ਼ਾਦ ਘੁੰਮੇ
ਇਸ ਜਿਸਮ 'ਚ
ਨਾ ਰੀਤ ਨਾ ਕੋਈ ਰਿਵਾਜ਼
ਇੱਕ ਕੁੜੀ ਦੀ ਆਵਾਜ਼
ਮੇਰੇ ਦਿਲ ਤੇ ਰਾਜ

ਖੁਸ਼ੀ ਦੇ ਮੋਰ ਮੇਰੇ ਦਿਲ ਦੇ
ਹੱਸ-ਹੱਸ ਨੱਚਣ

ਲੱਗੇ ਰੋਜ਼ ਜਿਵੇਂ
ਸਾਵਣ ਦੀ ਬਰਸਾਤ
ਆਵਾਜ਼, ਓ ਪਿਆਰੀ ਆਵਾਜ਼
ਨਾ ਕੋਈ ਸੁਨੇਹਾ ਨਾ ਕੋਈ ਬਾਤ
ਪਰ ਦਿਲ ਨੂੰ ਭਾਈ ਏਸੀ
ਦਿਲ ਨੂੰ ਦਿਸੇ ਨਾ ਹੋਰ ਕੋਈ ਕਾਜ਼
ਇੱਕ ਕੁੜੀ ਦੀ ਆਵਾਜ਼
ਮੇਰੇ ਦਿਲ ਤੇ ਰਾਜ

ਦਿਲ ਮੇਰਾ ਜਿਵੇਂ ਸੱਪ
ਤੇ ਬੀਣ ਉਹਦੀ ਆਵਾਜ਼
ਜਿਵੇਂ ਉਹ ਗਾਵੇ
ਦਿਲ ਨੱਚੇ, ਰੱਲ ਉਹਦੇ ਸਾਜ
ਫਿਕਰਾਂ 'ਚ ਨਾ ਆਉਂਦਾ ਕੋਈ ਫਿਕਰ
ਤੇ ਜਿਕਰਾਂ 'ਚ ਪਹਿਲਾਂ ਆਉਂਦੀ
ਓ ਆਵਾਜ਼
ਮੇਰੇ ਦਿਲ ਤੇ ਜਿਹਦਾ ਰਾਜ
ਇੱਕ ਕੁੜੀ ਦੀ ਓ ਆਵਾਜ਼
ਮੇਰੇ ਕੰਨਾਂ 'ਚ ਵੱਜੇ
ਹਰ ਰਾਤ
ਹਾਰ ਰਾਤ

# ਸਾਨੂੰ ਇਸ਼ਕੇ ਦਾ ਰੋਗ ਲਾਉਣ ਵਾਲੀਏ

ਲੱਭ ਦੀ ਨਾ ਮੈਨੂੰ ਕੋਈ ਹੋਰ
ਸਾਨੂੰ ਇਸ਼ਕੇ ਦਾ ਰੋਗ ਲਾਉਣ ਵਾਲੀਏ
ਤੇਰੇ ਬਾਜੋਂ ਚੁੱਭ ਦੀ ਏ
ਕੰਡਿਆਂ ਵਾਲੀ ਥੋਹਰ
ਸਾਨੂੰ ਇਸ਼ਕੇ ਦਾ ਰੋਗ ਲਾਉਣ ਵਾਲੀਏ

ਗਮਾਂ ਦੀ ਪਟਾਰੀ ਵਿੱਚ
ਫਸੀ ਏ ਜ਼ਿੰਦਗੀ ਜਾਨ ਦੀ
ਰੀਝਾਂ ਵਾਲੀ ਟੁੱਟੀ ਏ ਡੋਰ
ਮੌਤ ਸਾਂਵੇ ਛਣਕਾਵੇ ਝਾਂਜਰਾਂ
ਚੜਦੀ ਏ ਮੈਨੂੰ
ਇਹਦੇ ਘੁੰਗਰੂਆਂ ਦੀ ਲੋਰ
ਦਿਸਦੀ ਨਾ ਮੈਨੂੰ ਕੋਈ ਹੋਰ
ਸਾਨੂੰ ਇਸ਼ਕੇ ਦਾ ਰੋਗ ਲਾਉਣ ਵਾਲੀਏ

ਹੰਝੂਆਂ ਦੇ ਝਰਨੇ ਵਗਦੇ
ਦਿਲ ਰੋਂਦਾ
ਪਰ ਕਰੇ ਨਾ ਕੋਈ ਸ਼ੋਰ
ਪੀੜਾਂ ਕਤਾਰ ਬਣਾ ਬੈਠੀਆਂ
ਲਹੂ ਡੁੱਲ੍ਹੇ
ਜਿਸਮ ਨੂੰ ਲੱਗਿਆ ਏ ਢੋਰ
ਦਿਸਦੀ ਨਾ ਮੈਨੂੰ ਕੋਈ ਹੋਰ
ਸਾਨੂੰ ਇਸ਼ਕੇ ਦਾ ਰੋਗ ਲਾਉਣ ਵਾਲੀਏ

ਸਰੋਂ ਦੇ ਪੀਲੇ ਫੁੱਲਾਂ ਨੂੰ
ਚਿੱਟਾ ਕੀੜਾ ਪੈ ਗਿਆ

ਬਿਰਹਾ ਦਾ ਹਨੇਰਾ
ਚੰਨ ਦਾ ਨੂਰ ਕੱਢ ਲੈ ਗਿਆ
ਵਿਗੜੀ ਏ ਮੋਰਾਂ ਵਾਲੀ ਤੋਰ
ਸਾਨੂੰ ਰੋਗ ਲਾਉਣ ਵਾਲੀਏ
ਲੱਭਦੀ ਨਾ ਮੈਨੂੰ ਕੋਈ ਹੋਰ

ਪੋਹ ਦੇ ਮਹਿਨੇ ਵਿੱਚ
ਲੱਗੀ ਏ ਝੜੀ ਸਾਉਣ ਦੀ
ਬੱਦਲ ਰੋਵੇ ਤੇ ਨਾਲੇ ਗਰਜੇ ਜੋਰ ਜੋਰ
ਕਿੱਕਰਾਂ ਦੀ ਰਾਖੀ
ਹੁਣ ਕਰੇ ਗੁਲਾਬ ਦਾ ਮਾਲੀ
ਗੁਲਾਬ ਨੂੰ ਚਿੰਬੜੇ ਆ
ਦੁਖਾਂ ਵਾਲੇ ਭੌਰ
ਗੁਲਾਬ ਦੀਆਂ ਮਹਿਕਾਂ ਦੀ ਹੋਈ ਚੋਰੀ
ਗੁਲਾਬ ਫਿਰ ਚੁੱਪ ਤੇ ਨਾ ਰੋਵੇ
ਲੋਕੀਂ ਕਹਿਣ ਭਾਂਵੇ ਬੇਦਿਲ ਓਹਨੂੰ ਜਾਂ ਕਮਜ਼ੋਰ
ਗੁਲਾਬ ਨੂੰ ਇਸ਼ਕੇ ਦਾ ਰੋਗ ਲਾਉਣ ਵਾਲੀਏ
ਤੇਰੇ ਬਿਨਾ ਨਾ ਉਹਨੂੰ ਦਿਸਦੀ ਕੋਈ ਹੋਰ

ਨੀਲੀ ਛੱਤਰੀ ਜਦੋਂ
ਕਾਲੀ ਪਰਛਾਈ ਬਣ ਜਾਵੇ
ਤਾਰਿਆਂ ਨੂੰ ਪੀਹ ਕੇ
ਸੁਰਮਾ ਅੱਖੀਆਂ 'ਚ ਚੁਭਾਵੇ
ਕੋਠੇ ਉੱਤੇ ਚੜ੍ਹ ਹੌਕੇ ਹਾਵਾਂ ਖਾਵੇ
ਜਿਵੇਂ ਬਨੇਰੇ ਬੈਠਾ ਕਾਂ ਕੁਰਲਾਵੇ
ਸੋਚਾਂ ਵਿੱਚ ਬੈਠਾ
ਸੋਚਾਂ ਵਿੱਚ ਚਲਾ ਗਿਆ ਅਲਮੋਰ

ਜਦੋਂ ਚਲਦਾ ਏ ਪਿਆਰ ਉੱਤੇ
ਜਿਆਦਾ ਗਮ ਦਾ ਦੌਰ
ਸਾਨੂੰ ਇਸ਼ਕੇ ਦਾ ਰੋਗ ਲਾਉਣ ਵਾਲੀਏ
ਤੇਰੇ ਬਿਨਾ ਦਿਸਦੀ ਨਾ ਕੋਈ ਹੋਰ

ਜਦੋਂ ਆਣ ਬਿਜਲੀ ਤੇਰੇ ਪਿਆਰ ਦੀ
ਮੇਰੇ ਵਿਹੜੇ ਬਹਿ ਗਈ
ਪਏ ਚਿੜੀਆਂ ਦੇ ਘੌਂਸਲੇ ਸਾੜ
ਨਾਲ ਖੰਭ ਝਾੜ ਲੈ ਗਈ
ਰੁੱਖ ਰੋਵਣ ਮੇਰੇ ਵਿਹੜੇ
ਵੇਖ ਕੇ ਪਰੀਂਦਿਆਂ ਦਾ ਹਾਲ
ਸੁਪਣੇ ਬੁਣੇ ਸੀ ਜਿਹੜੇ
ਖੇਰੂੰ ਖੇਰੂੰ ਹੋਏ
ਤੇ ਨੀਂਦਰਾਂ ਵੀ ਨਾਲ
ਕਸੂਰ ਸਮਝ ਨਾ ਆਵੇ ਮੈਨੂੰ
ਜੋ ਮਿਲਿਆ ਇੰਨਾ
ਤੇਰੇ ਪਿਆਰ ਦਾ ਰਸ ਤਮੋਰ
ਸਾਨੂੰ ਇਸ਼ਕੇ ਦਾ ਰੋਗ ਲਾਉਣ ਵਾਲੀਏ
ਤੇਰੇ ਬਿਨਾ ਦਿਸਦੀ ਨਾ ਕੋਈ ਹੋਰ

ਜ਼ਿੰਦਗੀ ਦੇ ਰੰਗਾਂ ਨੇ ਮੂੰਹ ਫੇਰਿਆ
ਹਨੇਰਾ ਕੋਲ ਆਣ ਬਹਿ ਗਿਆ
ਗਗਨ ਨੂੰ ਕਾਲੇ ਰੰਗ ਨਾਲ ਪਿਆਰ ਪੈ ਗਿਆ
ਸ਼ਾਮੀ ਸੜਕ ਕਿਨਾਰੇ ਬੈਠ ਕੇ
ਉਡੀਕ ਦਾ ਏ ਦਿਲ ਦਾ ਚੋਰ
ਸਾਨੂੰ ਇਸ਼ਕੇ ਦਾ ਰੋਗ ਲਾਉਣ ਵਾਲੀਏ
ਤੇਰੇ ਬਿਨਾ ਦਿਸਦਾ ਨਾ ਕੋਈ ਹੋਰ

# ਮੇਰੀ ਸ਼ਾਇਰੀ ਵਿੱਚ ਬੋਲਦੀ ਏ ਤੂੰ

ਮੇਰੀ ਸ਼ਾਇਰੀ ਵਿੱਚ ਮੈਂ ਨੀ ਬੋਲਦਾ
ਬੋਲਦੀ ਏ ਤੂੰ
ਪਹਿਰ ਵੇਲੇ ਹੱਥ 'ਚ ਕਲਮ ਫੜਾ ਕੇ
ਲਿਖਦੀ ਏ ਤੂੰ
ਯਾਦਾਂ ਦੀ ਸ਼ਾਹੀ ਨਾਲ ਵਰਕੇ ਤੇ ਮਾਲਾ ਜਪਦੀ ਏ ਤੂੰ
ਮੇਰੀ ਸ਼ਾਇਰੀ ਵਿੱਚ ਮੈਂ ਨੀ ਬੋਲਦਾ
ਬੋਲਦੀ ਏ ਤੂੰ

ਜਦ ਮੈਂ ਰਾਤ ਨੂੰ ਜਾਗਾਂ
ਮੇਰੀ ਅੱਖ ਵਿੱਚ ਸਾਉਂਦੀ ਏ ਤੂੰ
ਜਦ ਮੈਂ ਤੈਨੂੰ ਚੇਤੇ ਕਰਾਂ
ਮੇਰੇ ਕੰਨਾਂ ਵਿੱਚ ਗਾਉਂਦੀ ਏ ਤੂੰ
ਜਿਵੇਂ ਨਵ-ਜੰਮੇ ਨੂੰ
ਲੋਰੀ ਸੁਣਾਉਂਦੀ ਹੋਵੇ
ਕੋਈ ਅਰਸ਼ਾਂ ਦੀ ਰੂਹ
ਮੇਰੀ ਸ਼ਾਇਰੀ ਵਿੱਚ ਮੈਂ ਨੀ ਬੋਲਦਾ
ਬੋਲਦੀ ਏ ਤੂੰ

ਜਦ ਮੈਂ ਪੱਗ ਦਾ ਲੜ ਫੜਾਂ
ਸ਼ੀਸ਼ਾ ਬਣ ਬਹਿੰਦੀ ਏ ਤੂੰ
ਮੇਰੇ ਚੀਰੇ ਦੇ ਰੰਗ ਵਿੱਚ ਰੰਗਦੀ ਏ ਤੂੰ
ਮੈਨੂੰ ਸੁਣਾਉਂਦੀ ਏ ਤੂੰ ਕੋਈ
ਗੀਤ ਰੂਹ ਦਾ
ਮਿੱਠਾ ਲੱਗੇ ਮੈਨੂੰ
ਜਿਵੇਂ ਪਾਣੀ ਖੂਹ ਦਾ
ਇੱਕ ਘੁਟ ਪੀਵਾਂ

ਤੇ ਸਾਰੀ ਰਾਤ ਨਾ ਸੋਵਾਂ
ਤੇਰੀਆਂ ਯਾਦਾਂ 'ਚ ਖੋਵਾਂ
ਤੇਰੀਆਂ ਕਹੀਆਂ ਨੂੰ ਪਰੋਵਾਂ
ਮਾਲਾ ਹੰਝੂਆਂ ਦੀ ਬਣਾ ਕੇ
ਇਕ ਇਕ ਮਣਕੇ ਨੂੰ
ਗੀਤ ਪਿਆਰ ਦਾ ਬਣਾ ਕੇ
ਆਪਣੀ ਜਿਸਮ ਦੀ ਮਿੱਟੀ 'ਚ ਬੋਹਾਂ
ਉੱਗੇ ਜਿਸ ਚੋਂ
ਫੁੱਲ ਪਿਆਰ ਦਾ
ਜੋ ਤੇਰੀਆਂ ਮਹਿਕਾਂ ਖਿਲਾਰਦਾ
ਜਿਸ ਖੁਸ਼ਬੂ ਨੂੰ ਕੁਲ ਆਲਮ ਅਲਾਪਦਾ
ਉਸਨੂੰ ਤੂੰ ਮੇਰੇ ਕੰਨਾਂ ਚ ਅਲਾਪਦੀ
ਜਿਸਨੂੰ ਸੁਣ ਮੈਂ ਲਿਖਦਾ
ਮੇਰੀ ਸ਼ਾਇਰੀ ਵਿੱਚ ਮੈਂ ਨੀ ਬੋਲਦਾ
ਤੂੰ ਬੋਲਦੀ

ਤੇਰਾ ਹਸਤੋਂ ਚਹਿਰਾ ਵੇਖਾਂ
ਜੀਬ ਹਕਲਾ ਜਾਵੇ
ਤੇਰੇ ਸਾਦਗੀ ਦੇ ਦੋ ਮਸਤਾਨੀ ਨੈਣ
ਮੇਰੀਆਂ ਅੱਖਾਂ ਦਾ ਚਾਨਣ ਲੈ ਜਾਵੇ
ਅੰਮ੍ਰਿਤ ਜਾਪੇ ਤੇਰੇ ਸੂਹੇ ਬੁੱਲ੍ਹ ਨੀ
ਪੀਂਦਿਆਂ ਕਲਮ 'ਚ ਸ਼ਾਹੀ ਪੈ ਜਾਵੇ
ਮੇਰੀ ਕਲਮ ਦੀ ਪਿਆਸ ਬੁਝਾ ਜਾਵੇ
ਨਾਮ ਗਗਨ ਦਾ ਕੋਈ "ਜੀਜੀ" ਇਤਿਹਾਸ ਬਣਾ ਜਾਵੇ
ਮੇਰੀ ਸ਼ਾਇਰੀ ਮੈਂ ਨਾ ਲਿਖਾਂ
ਤੂੰ ਬਹਿ ਕੇ ਕੋਲ ਲਿਖਾ ਜਾਵੇ

# ਚਿੱਟਾ ਕੋਹੜ

ਚਿੱਟਾ ਕੋਹੜ ਲੱਗਿਆ ਚੰਦਰੇ ਜਿਸਮ ਨੂੰ
ਜਿਉਂ ਜਿਉਂ ਤੇਰੇ ਨਾਮ ਦੀ ਲੇਪ ਮਲਾਂ
ਨੀ ਇਹ ਵੱਧਦਾ ਜਾਵੇ

ਸਾਲਾਰ ਨਾ ਦੇਵੇ ਕੋਈ ਮੈਨੂੰ
ਸਰਦਲ ਤੇਰੀ ਤੇ ਸਿਰ ਝੁਕਾਵਾਂ
ਇੰਧਨ ਇਕੱਠਾ ਕਰਾਂ
ਮੈਂਡੇ ਸਾਈਂ ਨੂੰ ਮਨਾਉਣ ਲਈ
ਇੰਦਰ ਗਿੱਲਾ ਕਰ ਜਾਵੇ
ਤੇਰੇ ਚਰਨ ਕਮਲਾਂ ਤੇ
ਮੈਂ ਕੁੰਦ ਦੇ ਫੁੱਲ ਰੱਖਾਂ
ਤੂੰ ਮਾਰ ਠੋਕਰਾਂ
ਮੇਰਾ ਦਿਲ ਤੋੜ ਜਾਵੇ
ਚਿੱਟਾ ਕੋਹੜ ਲੱਗਿਆ ਜਿਸਮ ਨੂੰ
ਜਿਉਂ-ਜਿਉਂ ਤੇਰੇ ਨਾਮ ਦੀ ਲੇਪ ਮਲਾਂ
ਨੀ ਇਹ ਵੱਧਦਾ ਜਾਵੇ

ਮੈਂ ਵਿਹੜੇ ਤੇਰੇ ਬੈਠਾਂ
ਤੇਰੇ ਹੀ ਗੀਤ ਗਾਂਵਾ
ਤੂੰ ਮੇਰੀ ਪਾਕ ਮੁਹੋਬਤ ਦੇ ਕੁੰਡਲ ਫੜ
ਜਮੂਰਾ ਬਣਾ ਨਚਾਵੇ
ਖਰੀਫ਼ ਦੇ ਮਹੀਨੇ
ਮੇਰਾ ਲਹੂ ਡੁੱਲਦਾ ਜਾਵੇ
ਵਾਂਗਰਾ ਮੇਰੇ ਝੋਨੇ ਦਾ ਰੰਗ
ਫਿਕਾ ਪੈਂਦਾ ਜਾਵੇ
ਸੂਰਜ ਭੱਖਦਾ ਤਿਆਵੇ

ਗੱਲਾਂ ਤੇਰੀਆਂ ਦਾ ਪਸੀਨਾ
ਉਬਾਲੇ ਖਾਵੇ
ਮੇਰਾ ਮਾਸ ਨੋਚਦਾ
ਇਹ ਕੋਹੜ ਗਾਵੇ
ਸੱਪ ਦੀ ਕੁੰਜ਼ ਤੇਰੇ ਸ਼ਹਿਰ ਦੀ
ਨਾ ਮੈਨੂੰ ਬਚਾ ਪਾਵੇ
ਜਿੰਨੀ ਤੇਰੇ ਇਸ਼ਕੇ ਦੀ ਦਵਾ
ਪੀਸ ਕੇ ਮੈਂ ਪੀਂਵਾ
ਓਨਾ ਹੀ ਫੁਲਬਹਰੀ ਦਾ ਦਾਗ਼ ਵੱਧਦਾ ਜਾਵੇ
ਚਿੱਟਾ ਕੋਹੜ ਲੱਗਿਆ ਚੰਦਰੇ ਜਿਸਮ ਨੂੰ
ਜਿਉਂ-ਜਿਉਂ ਤੇਰੇ ਨਾਮ ਦੀ ਲੇਪ ਮਲਾਂ
ਨੀ ਇਹ ਵੱਧਦਾ ਜਾਵੇ

ਖਲਹਲ ਹੋਵੇ ਮੇਰੇ ਹਿਰਦੇ ਅੰਦਰ
ਜਦ ਤੇਰਾ ਚੇਤਾ ਆਵੇ
ਨਾ ਲੱਗੇ ਮਨ ਕੰਮ ਚ
ਨੀ ਤੇਰਾ ਹਾਸਾ ਹੀ ਤੜਫਾਵੇ
ਉੱਠਣ ਲਾਂਭੂ ਸੀਨੇ ਚੋਂ
ਹੰਝੂਆਂ ਦਾ ਪਾਣੀ ਵੀ,
ਇਹਨੂੰ ਟਾਕ ਨਾ ਪਾਵੇ
ਰੋਂਦਾ ਦਿਲ ਕਰੇ ਇਬਾਦਤ ਤੇਰੀ
ਤੀਰ ਨੈਣਾਂ ਨਾਲ ਤੂੰ
ਦਿਲ ਵਿੰਨ ਦੀ ਜਾਵੇ
ਤੇਰੇ ਦਿਲਾਸਿਆਂ ਦੀ ਅੰਜ਼ੀਰ ਜੜ੍ਹ ਚ ਕੀੜੇ
ਤੇਰੇ ਪਿਆਰ ਬਹੇੜੇ ਦੀ ਛਿੱਲ
ਨਾ ਮੈਨੂੰ ਕਿਤੇ ਮਿਲੇ
ਕੱਲੇ ਹੰਝੂਆਂ ਦਾ ਕਾੜ੍ਹਾ ਹੁਣ ਕੀ ਕਰੇ

ਮਾਸ ਦਾ ਧਰੋਹੀ ਰੋਗ ਹੱਸਦਾ ਗਾਵੇ
ਚਿੱਟਾ ਕੋਹੜ ਲੱਗਿਆ ਚੰਦਰੇ ਜਿਸਮ ਨੂੰ
ਜਿਉਂ-ਜਿਉਂ ਤੇਰੇ ਨਾਮ ਦੀ ਲੇਪ ਮਲਾਂ
ਨੀ ਇਹ ਵੱਧਦਾ ਜਾਵੇ

ਗਮਾਂ ਦੀ ਧੁੰਦ ਸ਼ਾਈ ਨੈਣਾਂ ਅੱਗੇ
ਕੋਈ ਨਾਲਿਸ਼ ਕੰਮ ਨਾ ਆਵੇ
ਸਾਹਾਂ ਦੀ ਸਾਰੰਗੀ ਦੀ ਤਾਰ ਟੁੱਟੀ
ਕੋਈ ਸੁਰ ਨਿਕਲ ਨਾ ਪਾਵੇ
ਕਿੰਨੀ ਪਰਿਕਰਮਾਂ ਕਰਾਂ ਮੈਂ
ਦਿਨ ਚ ਤੇਰੀ ਤਸਵੀਰ ਦੀ
ਮੇਰੇ ਪੈਰਾਂ ਦੇ ਛਾਲੇ ਮੈਥੋਂ ਤਰਲੇ ਖਾਵੇ
ਮੇਰੀ ਹੋਂਦ ਦਾ ਕੋਈ ਵਾਜੂਦ ਨਾਹੀ
ਰੱਬਾ ਕੋਈ ਪਰਿਪਾਂਚਲੀ ਚਮਕਦੀ
ਮੇਰੀ ਰੂਹ ਸਾੜ ਜਾਵੇ
ਭੈੜਾ ਲੱਗਿਆ ਰੋਗ ਮੈਨੂੰ ਤੇਰਾ ਨੀ
ਯਾਦਾਂ ਦਾ ਲਹੂ ਨਿਕਲਦਾ ਜਾਵੇ
ਚਿੱਟਾ ਕੋਹੜ ਲੱਗਿਆ ਚੰਦਰੇ ਜਿਸਮ ਨੂੰ
ਜਿਉਂ-ਜਿਉਂ ਤੇਰੇ ਨਾਮ ਦੀ ਲੇਪ ਮਲਾਂ
ਨੀ ਇਹ ਵੱਧਦਾ ਜਾਵੇ

ਇੱਕ ਇੱਕ ਦਿਨ ਤੇਰੇ ਬਿਨ
ਬਰ੍ਹਮਾ ਦੀ ਕਲਪ ਜਿਹਾ ਲੰਘੇ
ਚਿੱਟੇ ਦਾਗ ਉਭਰੇ ਤੇਰੇ ਵਿਛੋੜੇ ਦੇ
ਨੀ ਮੈਨੂੰ ਖਿੱਲ ਵਾਂਗ ਡੰਗੇ
ਨਿੱਤ ਲੈ ਕੇ ਨਾਲ ਗਾਵਣਹਾਰੇ
ਮੈਂ ਤੇਰੇ ਇਸ਼ਕ ਦਾ ਕਲਮਾ ਗਾਵਾਂ

ਰਾਤਾਂ ਦੀਆਂ ਕਾਲੀਆਂ ਛੁਰੀਆਂ ਨਾਲ
ਆਪਣੇ ਦਿਲ ਤੇ
ਤੇਰਾ ਕਾਲਬ ਬਣਾਵਾਂ
ਸੌਣ ਨਾ ਦੇਣ ਮੈਨੂੰ ਇਹ ਕੋਹੜ ਦੇ ਦਾਗ ਵੇ
ਕੋਈ ਮਾਰ ਬਰਛਾ ਛਿੱਲ ਜਾਵੇ
ਹੋਂਦ ਗਵਾ ਦੇ ਮੇਰੀ ਇੰਝ
ਜਿਵੇਂ ਚਮਕਦੇ ਚੰਨ ਨੂੰ
ਕੋਈ ਕਾਲਾ ਬੱਦਲ ਨਿਗਲ ਜਾਵੇ
ਤੇਰੇ ਪਿਆਰ ਦਾ ਕੋਹੜ ਲੱਗਿਆ ਜਿਸਮ ਨੂੰ
ਜਿਉਂ ਜਿਉਂ ਤੇਰੇ ਨਾਮ ਦੀ ਲੇਪ ਮਲਾਂ
ਨੀ ਇਹ ਵੱਧਦਾ ਜਾਵੇ

ਪੀਂਘ ਪਾਈ ਮੈਂ ਗਮਾਂ ਦੀ
ਕੋਈ ਝੂਟਾ ਨਾ ਲੈ, ਨਾ ਦਰਦ ਵੰਡਾਵੇ
ਬੋਹੜ ਮੇਰੇ ਦੀ ਸ਼ਾਇਦ
ਟਾਹਣੀ ਕੱਚੜੀ ਸੀ
ਜੋ ਟੁਟਦੀ ਜਾਵੇ
ਤੇਰੀ ਗੁਲਾਮੀ ਲਈ ਮੈਂ ਕੀ ਕਰਾਂ
ਗਲ 'ਚ ਪਟਾ ਪਾਵਾਂ ਜਾਂ
ਮੂੰਹ ਵਿੱਚ ਖਾਹ ਲੈ ਖਾਵਾਂ
ਤੂੰ ਮਾਰ-ਮਾਰ ਸੋਟੇ ਨੀ
ਮੈਨੂੰ ਆਪਣੇ ਰਾਹ ਪਾਲਾ ਨਾਰੇ
ਬਲਾ ਲੱਗੀ ਜੋ ਭੈੜੀ ਮਾਸ ਨੂੰ
ਤੇਰੇ ਬਿਨ ਮੂੰਹ ਚੋਂ ਕੱਢੇ ਹਾਵੇਂ
ਵੇ ਕੋਈ ਅਲਮੋਰਾ ਦਾ ਫੁੱਲ ਲੈ ਆਵੇ
ਮੇਰੇ ਜਿਸਮ ਦੇ ਦਾਗ ਮਿਟਾ ਜਾਵੇ
ਚਿੱਟਾ ਕੋਹੜ ਲੱਗਿਆ ਤੇਰੀ ਯਾਦ ਦਾ

ਜਿਉਂ-ਜਿਉਂ ਤੇਰੇ ਨਾਮ ਦੀ ਲੇਪ ਮਲਾਂ
ਨੀ ਇਹ ਵੱਧਦਾ ਜਾਵੇ

ਕੱਪੜਾ ਬੁਣਿਆ ਮੈਂ ਗੀਤਾਂ ਦਾ
ਕੋਈ ਰੰਗਰੇਜ਼ ਰੰਗਣ ਨਾ ਆਵੇ
ਕੀੜਾ ਲੱਗਿਆ ਇਸ ਵਸਤਰ ਨੂੰ ਬਿਨਾ ਰੰਗਾਂ ਦੇ
ਗੀਤ ਮੇਰਾ ਨਿਰਦੋਸ਼ ਹੀ ਖਾਦਾ ਜਾਵੇ
ਪਟਕਾਰ ਮਾੜਾ ਸੀ, ਜਾਂ ਮੇਰਾ ਕੱਪੜਾ
ਕੋਈ ਸਮਝ ਨਾ ਆਵੇ
ਨਿਰਤ ਹੋ ਕੇ ਲੱਗਿਆਂ ਮੈਂ ਤੇਰਾ ਗੀਤ ਗਾਉਣ ਨੀ
ਮੇਰੇ ਸੰਗ 'ਚ ਤੇਰੀ ਪੀੜ ਫੱਸ ਜਾਵੇ
ਨਾ ਗਾਇਆ ਜਾਵੇ
ਨਾ ਸਾਹ ਲਇਆ ਜਾਵੇ
ਕੋਈ ਮੈਨੂੰ ਮੇਰਾ ਕਰਮਫਲ ਦੇ ਜਾਵੇ
ਇੱਟ ਬਣਾ ਤੂੰ ਮੈਨੂੰ ਭੱਠੇ ਦੀ
ਵਿੱਚ ਪਜਾਵੇ ਸਾੜ ਜਾ ਵੇ
ਸ਼ਾਇਦ ਏ ਨਰਮ ਦਿਲ ਮੇਰਾ
ਪੱਕੀ ਇੱਟ ਵਾਂਗ, ਪੱਕਾ ਹੋ ਜਾਵੇ
ਸ਼ਾਇਦ ਨੀ ਤੇਰਾ ਬਿਰਹਾ ਸਹਾਰ ਪਾਵੇ

ਚਿੱਕੜ 'ਚ ਫਸੇ ਇਸ ਦਿਲ ਨੂੰ
ਨਾ ਮਿਲੇ ਕੋਈ ਨੌਕਾ ਦਾ ਸਹਾਰਾ
ਉੱਤੋਂ ਤੇਰੀ ਯਾਦ ਹੰਝੂਆਂ ਦੀ
ਦਲਦਲ ਬਣਾਵੇ
ਕੋਈ ਮਿਲੇ ਨਾ ਮੈਨੂੰ, ਜੋ ਮੋੜ ਦੇਵੇ
ਰਾਹ ਉਸ ਦੇਵਨਦੀ ਦਾ ਮੇਰੇ ਪਿੰਡ ਨੂੰ
ਜੇ ਚੁੱਬੀ ਮਾਰਾਂ, ਸ਼ਾਇਦ ਮੇਰਾ ਕੋਹੜ ਮਿੱਟ ਜਾਵੇ

ਸ਼ਾਇਦ ਅੰਤੜੀਆਂ ਦੀ ਮੈਲ ਧੁੱਲ ਜਾਵੇ
ਮੇਰਾ ਗੁਰਦਾ ਜ਼ਹਿਰੀਲੇ ਤੋਂ ਸੁਧਾ ਰਸ ਹੋ ਜਾਵੇ
ਤੇਰੇ ਪਿਆਰ ਦਾ ਰਸ ਪੀਂਦਿਆਂ
ਜੋ ਜ਼ਹਿਰ ਬਣਦਾ ਜਾਵੇ
ਰਾਤਾਂ ਨੂੰ ਮੌਤ ਦੀ ਲੋਰੀ ਸੁਣਾਵੇ
ਇਹ ਤਾਂ ਪਿਆਰ ਦਾ ਪੁਜਾਰੀ ਸੀ
ਨੀ ਤੇਰੇ ਵਿਛੋੜੇ ਨੇ ਕਰ ਦਿੱਤਾ ਜ਼ਹਿਰੀਲਾ
ਨੱਕ ਨੂੰ ਮਿਲੇ ਨਾ ਹੁਣ ਸੁਗੰਧ ਗੁਲਾਬ ਚੋਂ
ਇਹ ਸੁੰਘੇ ਚਿੱਕੜਾਂ ਚੋਂ ਕੋਈ ਪੱਥਰ ਚਲੂਲਾ
ਚਹਿਰੇ ਦੀ ਰੰਗਤ ਘਟੀ
ਸੁਕਿਆ ਏ, ਵਾਂਗ ਮਾਰੂਥਲਾਂ
ਕਿਤੇ ਗਗਨ ਰੋ ਰੋ ਕੇ
ਬੰਜਰ ਉਪਜਾਊ ਬਣਾ ਦੇਵੇ

ਮਿੱਟੀ ਹਾਂ ਉਸ ਬੰਜਰ ਜਮੀਨ ਦੀ
ਜੋ ਲਾਈ ਬੈਠੀ ਆਸ ਓਹ ਠੰਡੇ ਪਾਣੀ ਦੀ
ਇਸ ਮਿੱਟੀ ਦੇ ਜੀਅ ਤਿਹਾਈ ਹੀ ਮਰਨੇ
ਜਦ ਤੱਕ ਉਹਦੇ ਚਰਣਕਮਲ ਨਾ ਛੋ ਜਾਣ
ਏ ਮਿੱਟੀ ਰੋਵੇ ਉਸ ਪਾਣੀ ਲਈ
ਜੋ ਰੂਪ ਧਾਰ ਮਿੱਟੀ ਬਣ ਆਈ
ਉਹ ਮਿੱਟੀ ਬਣੀ ਕਿਸੇ ਹੋਰ ਮਿੱਟੀ ਲਈ
ਇਹ ਮਿੱਟੀ ਐਵੇਂ ਪੀੜਾਂ ਉਦਾਰ ਲੈ ਆਈ
ਮੈਂ ਬੰਜਰ ਮਿੱਟੀ, ਓਹ ਪਹਾੜੀ
ਕਿੱਥੇ ਮੇਲ ਹੋਣਾ ਵੇ
ਮੇਰਾ ਤੱਪਣਾ ਲਿਖਿਆ ਦੁਪਹਿਰੇ
ਉਹਨੇ ਹਿੰਮ ਤੋਂ ਠੰਡਕ ਲੈਣਾ ਵੇ
ਇਸ ਮਿੱਟੀ ਦੇ ਮਾਸ ਨੇ

ਉਦਾਰੀ ਪੀੜਾਂ ਦਾ ਰੋਗ ਲਵਾਇਆ
ਕੋਈ ਚੰਮ ਲਾਉਣ ਨਾ ਆਵੇ
ਚਿੱਟੇ ਦਾਗ ਜੋ ਪਏ ਚੰਮ ਤੇ
ਵੇ ਕੋਈ ਚੰਮ ਕਿਉਂ ਲਾਵੇ
ਤੇਰੇ ਯਾਦਾਂ ਦੀ ਲੇਪ ਵਿੱਚ ਕੋਹੜ
ਵੱਧਦਾ ਜਾਵੇ

ਪੀੜਾਂ ਦੀ ਜੋ ਰੇਲ ਬਣੀ ਏ
ਮੇਰੀ ਹਿਕ ਚੀਰ ਦੀ ਜਾਵੇ
ਨਾ ਕੋਈ ਇਹਦਾ ਸਟੇਸ਼ਨ ਏ
ਨਾ ਕੋਈ ਮੰਜ਼ਿਲ
ਇਹ ਨਿਰੰਤਰ ਚਲਦੀ ਜਾਵੇ
ਏਹਦੀ ਛੂਕ ਛੂਕ ਜੇਹੀ ਅਵਾਜ਼
ਮੇਰੇ ਕੰਨਾਂ ਦੇ ਪਰਦੇ ਪਾੜ ਲੈ ਜਾਵੇ
ਇਸ ਗੱਡੀ ਦਾ ਨਾ ਕੋਈ ਚਾਲਕ
ਆਪਣੇ ਆਪ ਹੀ ਚਲਦੀ ਜਾਵੇ
ਮੁਸਾਫ਼ਿਰ ਇਕੱਲਾ ਹਾਂ ਮੈਂ ਇਸ ਦਾ
ਕੋਈ ਨਾਲ ਬੈਠ ਰਾਹ ਨਾ ਕਟਾਵੈ
ਬੂਹੇ ਬਾਰੀਆਂ ਬੰਦ ਏਹਦੀਆਂ
ਰੂਹ ਛਾਲ ਮਾਰ ਨਾ ਪਾਵੇ
ਇਹ ਜਿੰਦੜੀ ਆ ਤਾਂ ਛਿਜ਼ਿੰਦੜੀ
ਸੋ ਕਿਉਂ ਰੋਵਾਂ ਮੈਂ
ਇਹ ਜਿਥੇ ਚਲਦੀ ਜਾਵੇ
ਮੈਂ ਓਥੇ ਹੀ ਚਲਦਾ ਜਾਵਾਂ
ਇਸ ਗੱਡੀ ਦੇ ਡੱਬਿਆਂ ਨੂੰ ਲਗਿਆ ਕੋਹੜ
ਨੀ ਇਹ ਟੁਟਦੇ ਜਾਵੇ
ਵਿਚ ਕੰਡੇਆਂ ਦੀਆਂ ਚਾਰਪਾਈਆਂ ਡਿਠੀਆਂ

ਚੌਂਕੜੀ ਮਾਰ ਉਤੇ ਫੁਲ ਸਮਝ ਬੈਠ ਜਾਵਾਂ
ਜਿੰਦੜੀ ਦੀ ਪਟੜੀ ਟੁੱਟੀ
ਇਹ ਤਦ ਵੀ ਚਲਦੀ ਜਾਵੇ
ਇੰਧਨ ਨਹੀ ਚਾਹੀਦਾ ਇਸ ਗੱਡੀ ਨੂੰ
ਇਹ ਤੇਰੀ ਯਾਦ ਸਹਾਰੇ ਚਲੀ ਜਾਵੇ
ਇਹ ਗੱਡੀ ਨੀ ਲਗਦਾ ਰੁਕਣੀ
ਜਾ ਰੁਕੇਗੀ ਸ਼ਾਇਦ ਤੇਰੇ ਸ਼ਹਿਰ ਅਲਮੋੜੇ
ਚਿੱਟਾ ਕੋਹੜ ਲੱਗਿਆ ਜੇਹੜਾ ਏਹਦੇ ਡੱਬੇ ਨੂੰ
ਸ਼ਾਇਦ ਲੱਥੁਗਾ ਆ ਕੇ ਤੇਰੇ ਵਿਹੜੇ
ਜਿਉਂ ਜਿਉਂ ਤੇਰੀ ਯਾਦ ਦਾ ਤੇਲ ਪਾਵਾਂ ਏਹਦੇ ਇੰਜ਼ਨ ਚ
ਨੀ ਏਹਦਾ ਕੋਹੜ ਵੱਧਦਾ ਜਾਵੇ

ਪੀੜ ਤੇਰੀ ਜਿਵੇਂ ਲੱਸੀ ਦਾ ਛੰਨਾ
ਜਿਵੇਂ ਜਿਵੇਂ ਮੈਂ ਇਸ ਵਿੱਚ ਹੰਝੂਆਂ ਦਾ
ਪਾਣੀ ਪਾਵਾਂ
ਨੀ ਇਹ ਵੱਧਦੀ ਜਾਵੇ
ਜ਼ਹਿਰ ਬਣਦੀ ਜਾਵੇ
ਇਸ ਛੰਨੇ ਨੂੰ ਮੈਂ ਰੋਜ਼ ਹੱਸਦੇ ਪੀਵਾਂ
ਜਿਸਨੂੰ ਸਪੋਲੇ ਮੈਥੋਂ ਉਧਾਰ ਲੈ ਜਾਵੇ
ਤੇ ਜਾ ਸਪੇਰਿਆਂ ਨੂੰ ਡੰਗੇ
ਕਪਾਲ ਮੇਰੀ 'ਚ ਛੇਦ ਪਏ
ਗੱਲਾਂ ਜਿਹੜੀਆਂ ਤੇਰੀਆਂ
ਮੈਂ ਸਮਾਹੜੀਆਂ
ਰਿਸ ਦੀਆਂ ਜਾਵਣ
ਮੇਰੀ ਕਿਸਮਤ ਨੇ ਮੈਥੋਂ ਬੂਹੇ ਭੈੜੇ
ਕਮੰਦ ਵੀ ਕੱਚੜਾ ਧਾਗਾ ਬਣ ਜਾਵੇ
ਕਿਹਦੇ ਕੋਲੋਂ ਬਣਾਵਾਂ ਮੈਂ ਏਹ ਫੰਦਾ

ਸਭ ਤੇਰੇ ਹੀ ਰੇਸ਼ਮੀ ਕੱਪੜੇ ਬਣਾਵੇ
ਇਸ ਕੰਗਾਲ ਦੀ ਕੁੱਲੀ ਕੱਚੜੀ
ਬਰਸਾਤਾਂ 'ਚ ਰੋਂਦੀ ਜਾਵੇ
ਪੂਰੇ ਜੱਗ 'ਚ ਦਿਸੇ ਨਾ ਕੋਈ ਐਸਾ
ਜੋ ਤੇਰੇ ਦਿਤੇ ਕਰਬ ਦੂਰ ਕਰ ਜਾਵੇ
ਥੱਕਿਆ ਬੈਠਾ ਨਦੀਆਂ ਦੇ ਕਿਨਾਰੇ
ਉਪਰ ਕਾਤਰ ਤਾਰੀਆਂ ਲਾਵੇ
ਦੇਣ ਬਗਲੇ ਸਹਾਰੇ
ਨਾਲੇ ਵੱਗਣ ਹੰਝੂਆਂ ਦੇ
ਦਿੱਤੇ ਜੋ ਤੂੰ ਨਾਰੇ
ਸ਼ਾਮਾਂ ਪੈਂਦੀਆਂ ਜਾਵੇ
ਉਮਰਾਂ ਦਾ ਸੂਰਜ ਢੱਲਦਾ ਜਾਵੇ
ਸਰੀਰ ਦੀ ਉਜੜੀ ਥੇਹ
ਸੜਦੀ ਜਾਵੇ
ਕੋਹੜ ਮਗਦਾ ਜਾਵੇ
ਜਿੰਨਾ ਤੇਰਾ ਨਾਮ ਧਿਆਵਾਂ
ਨੀ ਇਹ ਵੱਧਦਾ ਜਾਵੇ

ਮੌਤ ਦਾ ਸ਼ਿਕੋਹ ਨਾ ਰਿਹਾ ਇਸ ਸਰੀਰ ਨੂੰ
ਹਰਖਵਾਨ ਰਵੇ ਇਹਨਾਂ ਗਮਾਂ 'ਚ
ਜਿੰਨਾਂ ਬੋਚਿਆ ਭਾਂਵੇ ਬਣ ਬਾਸ਼ਾ
ਮੇਰੀ ਧੋਣ ਨੂੰ
ਏਹ ਤੱਦ ਵੀ ਤੇਰਾ ਹੱਸਦਾ ਗੀਤ ਗਾਵੇ
ਹਿੱਤ 'ਚ ਭਾਂਵੇ ਮੇਰੇ ਰੋਣ
ਕਾਂ ਬੈਠੇ ਬਨੇਰੇ
ਏਹ ਉਹਨਾਂ ਨੂੰ ਦੰਦੜੀਆਂ ਕੱਢ ਹਸਾਵੇ
ਜ਼ਜ਼ਬਾਤਾਂ ਦੇ ਭਾਂਵੇ ਝਰਨੇ ਗਿਰਦੇ ਜਾਵੇ

ਨੀ ਤੂੰ ਬੈਠੀ ਕਿਨਾਰੇ
ਕਰਖਤ ਦਿਲ ਆਪਣੇ ਨੂੰ ਧੋਹੀ ਜਾਂਵੇ
ਪਰ ਤੈਨੂੰ ਜ਼ਜ਼ਬਾਤ ਨਜ਼ਰ ਨਾ ਆਵੇ
ਮੇਖਾਂ ਠੋਕੀਆਂ ਤੂੰ ਦਿਲ ਤੇ
ਜੁੱਤੀ ਬਣਾ ਮੋਚੀ ਵਾਂਗਰਾਂ
ਤਾਂਵੀਂ ਤੂੰ ਪੈਰੀ ਨਾ ਪਾਇਆ ਨਾਰੇ
ਸਾਨੂੰ ਰੂੜੀ ਸੁੱਟਿਆ ਕਿਨਾਰੇ
ਮੁੱਲ ਨਾ ਪਿਆ ਭਾਂਵੇ
ਚੁੱਭਿਆਂ ਮੇਖਾਂ ਦਾ
ਤਾਂਵੀ ਦਿਲ ਹਰਖਵਾਨ ਹੋ
ਤੇਰੇ ਹੀ ਗੀਤ ਗਾਵੇ
ਨੀ ਏਨੂੰ ਪੀੜ ਜ਼ਰਾ ਮਹਿਸੂਸ ਨਾ ਹੋਵੇ
ਨਿੱਤ ਕੱਚ ਉੱਤੇ ਹੱਸਦਾ ਸੋਵੇ
ਰੋਜ਼ ਕੰਡਿਆਂ ਦਾ ਸੂਰਮਾ ਬਣਾ
ਅੱਖੀਆਂ 'ਚ ਚੁਬੋਵੇ
ਲਹੂ ਦੀਆਂ ਬੂੰਦਾਂ ਗਿਰਦੀਆਂ ਜਾਵੇਂ
ਭਰਿਆ ਘੜਾ ਤਿੜਕਦਾ ਜਾਵੇ
ਮਾਸ ਸੁਕੜਦਾ ਜਾਵੇ
ਦਿੱਤਾ ਕੋਹੜ ਵੱਧਦਾ ਜਾਵੇ

ਮੇਰੀਆਂ ਅੱਖਾਂ ਦੇ ਸਮੰਦਰ ਵਿੱਚ
ਨਿੱਤ ਕਾਗਜ਼ ਦੀਆਂ ਕਸ਼ਤੀਆਂ ਚਲਦੀਆਂ
ਰੋਜ਼ ਭਿੱਜ਼ਦੀਆਂ, ਡੁੱਬਦੀਆਂ
ਤੇ ਫਿਰ ਸੁੱਕ ਜਾਂਦੀਆਂ
ਇਹਨਾਂ ਨੌਕਾਂ ਨੂੰ ਕੋਈ ਝੌਕਾਂ ਨਾ ਮਿਲੇ
ਬਿਨ ਚੱਪੂ ਤੇਰੇ ਪਿੱਛੇ ਹੀ ਚੱਲਦੀਆਂ
ਜਿਵੇਂ ਪਾਇਆ ਹੋਵੇ ਟੋਚਨ ਤੇਰੇ ਘਰ ਵੱਲ ਨੂੰ

ਜੇ ਅੱਖਾਂ ਬੰਦ ਕਰਾਂ ਤਾਂ ਹੱਠ ਕਰਦੀਆਂ
ਤੇਰੇ ਗਰਾਂ ਨੂੰ ਚਲਦੀਆਂ
ਉਸ ਤਰੁਣੀ ਨੂੰ ਲੱਭਦੀਆਂ
ਅੱਖਾਂ ਸੁਕ ਗਈਆਂ
ਇਹ ਤਾਂਵੀ ਵਿੱਚ ਤਰਦੀਆਂ
ਉਹਦੀਆਂ ਮਹਿਕਾਂ ਚ ਤਰਦੀਆਂ
ਉਹਦੇ ਵੱਲ ਹੀ ਵੱਧਦੀਆਂ
ਰਾਤਾਂ ਨੂੰ ਜਹਾਜ ਬਣ ਚਲਦੀਆਂ
ਸਮੁੰਦਰੀ ਲਹਿਰਾਂ 'ਚ ਉਛਾਲੇ ਲਿਉਂਦੀਆਂ
ਇਹ ਸਮੁੰਦਰ ਡੋਲੇ ਖਾਂਦਾ
ਪਰ ਇਹ ਤੱਦ ਵੀ ਅੱਗੇ ਵੱਧਦੀਆਂ
ਵੱਧਦੀ ਵੱਧਦੀ ਇਹ ਕਿਸ਼ਤੀ
ਅੱਜ ਫੱਸ ਗਈ ਕਿਸੇ ਪਰਤਾਵਲੀ ਝਾੜੀ ਚ
ਜਿਸਦੇ ਮਹਿਕਦੇ ਹਰੇ ਪੱਤਿਆਂ ਨੂੰ
ਬਦਲ ਦਿੱਤਾ ਇਹਨੇ ਸਿਵਿਆਂ ਦੇ ਬਾਲਣ 'ਚ
ਉਸ ਜੰਗਲ ਦਾ ਜੀਅ ਲੱਗੜ ਸ਼ਿਕਾਰ ਕਰਨ ਆਵੇ
ਮੇਰੇ ਮਾਸ ਵੱਲ ਵੇਖ
ਇਹਨੂੰ ਖਾਹ ਨਾ ਪਾਵੇ
ਜਿਵੇਂ ਪਈ ਹੋਵੇ ਦੰਦਣ
ਕੋਈ ਮੂਸਾਖੋਰ ਮੈਨੂੰ ਚੂਹਾ ਬਣਾ ਨਿਗਲ ਨਾ ਜਾਵੇ
ਨੀ ਤੇਰੇ ਪਿਆਰ ਦੇ ਰੋਗ ਵਿੱਚ
ਸੜਿਆ ਮਾਸ ਕੌਣ ਖਾਵੇ
ਜਿਉਂ ਜਿਉਂ ਤੇਰੇ ਨਾਮ ਦੀ ਲੇਪ ਮਲਾਂ
ਨੀ ਇਹ ਕੋਹੜ ਵੱਧਦਾ ਜਾਵੇ

ਸਿਆਲ ਦਾ ਪਾਲਾ
ਗਰਮ ਲੂ ਬਣ ਉੱਡੇ

ਇਸ ਮਿੱਟੀ ਨੂੰ ਲੱਗਦਿਆਂ
ਤਾਰਿਆਂ ਦੀ ਲੋ ਫਿਕੀ ਪਵੇ
ਕੋਹੜੀ ਅੱਖਾਂ ਦੇ ਵਹਿੰਦਿਆਂ
ਚੰਨ ਦੀ ਚਾਨਣੀ ਕਾਲੀ ਹਨੇਰੀ ਬਣੇ
ਗਮਾਂ ਦਾ ਵਾ-ਵਰੋਲਾ ਆਉਂਦਿਆਂ
ਘਨਘੋਰ ਬਿਨਾਂ ਮੇਘ ਦੇ ਹੋਵੇ
ਅੱਖਾਂ ਦੇ ਹੰਝੂ ਡਿਗਦਿਆਂ
ਨਾ ਗਾਵੇ, ਨਾ ਨੱਚੇ ਖੁਸ਼ੀਆਂ ਦਾ ਮੋਰ
ਇਸ ਵਰਖਾ ਦੇ ਵਰਦਿਆਂ
ਉੱਲੂ ਖੁੱਡਾਂ ਚੋਂ ਬਾਹਰ ਨਾ ਆਵਣ
ਕਿਸੇ ਪਿੰਜਰ ਦੀ ਆਵਾਜ਼ ਸੁਣਦਿਆਂ
ਚਮਗਿਦੜ ਪਿੱਪਲਾਂ ਤੇ ਮੁੜ ਨਾ ਜਾਵਣ
ਗਗਨ ਨੂੰ ਥੱਲੇ ਬੈਠੇ ਲਿਖਦਿਆਂ
ਚਚੀਂਡਾ ਬੇ-ਮੌਸਮੀ ਉਗਿਆ
ਮੇਰੇ ਬੇ-ਸੁਰੇ ਗੀਤ ਸੁਣਦਿਆਂ
ਕੋਈ ਚੱਖੇ ਨਾ ਜਿਨੂੰ
ਜੋ ਬੇ-ਸੁਵਾਦੀ ਉਗਿਆ
ਫੁੱਲ ਸਰੋਂ ਦੇ ਪੱਕੇ ਹੋ, ਤੇਲ ਡੁੱਲ੍ਹੇ
ਮੇਰਾ ਲਹੂ ਡੁੱਲ੍ਹਦਿਆਂ
ਕੋਈ ਤੰਤਕੀਟ ਤੰਦ ਕੱਢਣੋ ਭੁੱਲਿਆ
ਗਗਨ ਨੂੰ ਵੇਖ ਸੁੱਪਣੇ ਬੁਣਦਿਆਂ
ਉਹਦੇ ਸ਼ਹਿਰ ਦੇ ਦਰਵਾਜ਼ੇ ਖੁਲਦੇ ਜਾਵਣ
ਅੱਖੀਆਂ ਦੇ ਦੁਆਰ ਭਿੜਦਿਆਂ
ਸੋਨ ਚਿੜੀ ਮੈਲੀ ਹੋਈ ਜਾਵੇ
ਸਰੀਰ ਦੀ ਮੈਲ ਨਿਕਲਦਿਆਂ
ਦੁਧੈਲੂ ਭੱਜ ਜਾਵਣ

ਬੁੱਲ੍ਹਾਂ ਚੋਂ ਜ਼ਹਿਰੀਲਾ ਥੁੱਕ ਵਗਦਿਆਂ
ਪੱਥਰ ਉਹਦੀਆਂ ਗਲੀਆਂ ਦੇ ਰੂੰ ਬਣਨ
ਮਾਸ ਤੇ ਕੰਕਰ ਉਗਦਿਆਂ
ਅਲਮੋੜਾ ਦੀ ਪਹਾੜੀ ਦਾ ਦੰਦਕ ਹੱਸਦਾ ਗਾਵੇ
ਖਾਰਿਆਂ ਦਾ ਮਿੱਟੀ 'ਚ ਰੁਲਦਿਆਂ
ਮਹਿਕਾਂ ਨਾਲ ਓ ਕਾਇਨਾਤ ਖਿਲਾਵੇ
ਹਿੱਕ 'ਚ ਧੂੰਆਂ ਵੜਿੰਦਿਆਂ
ਜਵਾਲਾ-ਮੁਖੀ ਫਟੇ, ਲਾਵਾ ਛੱਡੇ
ਅੰਗਾਰਿਆਂ ਤੇ ਪੈਰ ਚੱਲਦਿਆਂ
ਦੰਗੈਤ ਦੰਗਾ ਕਰਨ ਛੱਡਿਆ
ਦੰਡ ਮਾਸ ਨੂੰ ਭੁਗਤਦਿਆਂ
ਪੀਪ ਫਸੀ ਵਿੱਚ, ਨਿਕਲਣ ਕੀੜੇ
ਨੈਣਾਂ ਦੀ ਸੂਈ ਚੁਭਦਿਆਂ
ਯਕੀਨ ਨਾ ਰਿਹਾ ਲੋਹੇ ਨੂੰ ਆਪਣੇ ਤੇ
ਰੀਜ਼ਾਂ ਨੂੰ ਜੰਗ ਲੱਗਦਿਆਂ
ਤੇਜ਼ਾਬ ਪਾਣੀ ਬਣ ਵਹੇ
ਤੇਰੇ ਪਿਆਰ 'ਚ ਰੂਹ ਜਲਦਿਆਂ
ਦਾਨਵੀਰ ਸਾਰਾ ਦਾਨ ਮੁੜ ਲੈ ਜਾਵਣ
ਰੂਹ ਨੂੰ ਸਭ ਸੌਂਪਦਿਆਂ
ਝਾੜੀਆਂ 'ਚ ਲੁਕਿਆ ਬੈਠਾ ਸਰਪ
ਜ਼ਹਿਰ ਦੀਆਂ ਬੋਤਲਾਂ ਚੜ੍ਹਦਿਆਂ
ਡਰਦਾ ਕੁੰਡ ਨਾ ਲਾਵੇ
ਬਾਹਰੀ ਪਰਤ ਤੇ ਅੱਗ ਲੱਗਦਿਆਂ
ਰੋਵੇਗੀ ਕਲਮਸ਼ ਇਕ ਦਿਨ
ਮੇਰੀ ਕਲਮ ਦਾ ਦਰਦ ਵਹਿੰਦਿਆਂ
ਇਹ ਸੌਦਾ ਲੈਣ ਦੇਣ ਦਾ ਨੀ

ਇਹ ਹੈ ਰੂਹ ਦੇ ਮੇਲ ਦਾ
ਜਾ ਕਿਸੇ ਦੀ ਪ੍ਰੀਤ ਦਾ
ਜਨਮਾਂ ਤੋਂ ਪਿਆਸੀ ਕਿਸੇ ਰੂਹ ਦਾ
ਜੋ ਬੈਠੀ ਅੱਧੀ ਹੁੰਦੀ ਜਾਵੇ
ਜਿਵੇਂ ਬਿਨਾ ਸ਼ਸ਼ਤਰ ਦੇ ਕੋਈ ਏਣ ਝਾੜ ਜਾਵੇ
ਪਰ ਇਹਦਾ ਮਾਸ ਨਾ ਕੋਈ ਖਾਵੇ
ਵੇ ਕੌਹੜੀ ਮਾਸ ਕੌਣ ਖਾਵੇ
ਚਿੱਟੇ ਦਾਗ ਜਿਸਤੇ ਉਬਾਰੇ
ਜਿਵੇਂ ਜਿਵੇਂ ਪੀਂਵਾਂ ਮੈਂ ਇਹ ਚੰਦਰੀ
ਤੇਰੇ ਨੈਣਾਂ ਦੀ ਸ਼ਰਾਬ
ਏ ਉਤਰਦੀ ਜਾਵੇ
ਦਾਗ ਵੱਧਦੇ ਜਾਵੇ
ਨੀ ਨਾਮ ਤੇਰੇ ਦੀ ਲੇਪ
ਦਿੱਤਾ ਕੋਹੜ ਹੋਰ ਵਧਾਵੇ

ਸ਼ਾਰਦੂਲ ਅਣਖ ਸ਼ਿਗਾਲ ਬਣ ਬੈਠੀ ਆ
ਪੱਥਰ ਦਿਲਾਂ 'ਚ ਮੈਂ ਕਦੇ ਸ਼ਿਗਾਫ਼ ਨਾ ਵੇਖੀ ਆ
ਸੁਆਸਾਂ ਦੇ ਰਾਹ ਵਿੱਚ
ਤੇਰ ਯਾਦ ਨਾਕਾ ਲਾ ਬਹਿ ਗਈ ਆ
ਜੋ ਹਾਸਿਆਂ ਦੇ ਟੋਏ 'ਚ
ਰੋਣਿਆਂ ਦਾ ਸਾਗਰ ਭਰ ਗਈ ਆ
ਖਿੜਿਆਂ ਦਾ ਸੂਰਜ਼
ਤੇਰੇ ਵਹਿੜੇ ਜਾ ਡੁੱਬਾ ਏ
ਚੰਨ ਦੀ ਚਾਨਣੀ
ਕਾਲਾ ਬੁਰਕਾ ਪਾ ਬਹਿ ਗਈ ਆ
ਹੱਸਦੀ ਰੂਹ ਨੂੰ ਸੀ
ਪੀਲੇ ਸਰ੍ਹੋਂ ਫੁੱਲ ਪਿਆਰੇ

ਉਹ ਕਾਲੇ ਗੁਲਾਬਾਂ ਹੱਥੋਂ
ਫਾਂਸੀ ਲਵਾਈ ਬੈਠੀ ਆ
ਸੁਲਪ ਨੀਂਦਰਾ ਤੇ ਅਲਪ ਸੱਪਣੇ ਨੇ
ਸਾਰੇ ਪੂਰੇ ਹੋਇਓ ਸੱਖਣੇ ਨੇ
ਝੜੀ ਖਵਾਬਾਂ ਦੀ ਪੋਹ 'ਚ
ਸਾਵਣ  ਲਾ ਬੈਠੀ ਆ
ਤੇਰੀ ਜੁਦਾਈ ਸੋਹਣੀਏ
ਯਾਦਾਂ ਨੂੰ ਕੋਹੜ ਲਵਾਈ ਬੈਠੀ ਆ

ਇਕ ਦਿਲ
ਇਕ ਜਾਨ
ਇਕ ਰੂਹ
ਇਕ ਪਿਆਰ
ਅੱਖੀਆਂ ਚੋਂ ਡੁੱਲਦਾ ਖਾਰ
ਸਾਰੇ ਤੇਰੇ ਹੀ ਨੇ ਗੁਲਾਮ
ਬੇੜੀਆਂ ਪਾਈਆਂ ਨੇ ਤੇਰੀਆਂ ਸਿਫਤਾਂ ਦੀਆਂ
ਅੱਖੀਆਂ ਤੇ ਬਣ ਕੇ ਪੱਟੀਆਂ
ਸਿਫ਼ਤਾਂ ਸਿਫ਼ਤਾਂ ਚ ਤੂੰ ਕਿਥੇ ਚਲੀ ਗਈ
ਰਹਿੰਦੀਆਂ ਯਾਦਾਂ ਹੀ ਬਸ ਖੱਟੀਆਂ
ਤੇਰੇ ਪੈਰਾਂ ਦੀ ਪੈੜ 'ਚ ਵੇਖ ਮੈਂ ਕਿਥੇ ਆ ਗਿਆ
ਪਾਗਲ ਸ਼ੋਰੀਂਦਾ ਤੇਰਾ
ਤੇਰੇ ਸ਼ਹਿਰ ਸ਼ਮਸ਼ਾਨ ਕੋਲੇ ਆ ਗਿਆ
ਸਮੇਟ ਰਹੀ ਜ਼ਿੰਦੜੀ ਸਾਹਾਂ ਦੀ ਭਰ ਝੋਲੀ
ਜਿਵੇਂ ਕੂਲ ਵਹਿੰਦੀ ਜਾ ਰਹੀ ਛੱਡ ਪਹਾੜਾਂ ਦੀ ਟੋਲੀ
ਰੋਂਦੇ ਪਹਾੜਾਂ ਨੂੰ ਹੁਣ ਕੌਣ ਪੁੱਛੇ
ਰੋ-ਰੋ ਬੰਜ਼ਰ ਹੋਏ ਸਾਰੀ ਰਾਤ ਨਾ ਸੁੱਤੇ
ਖੋ ਗਏ ਦੁਨੀਆਂ ਤੋਂ, ਵੀਰਾਨ ਹੋ ਗਏ

ਖੋ ਕੇ ਜ਼ਿੰਦਗੀ, ਸ਼ਮਸ਼ਾਨ ਹੋ ਗਏ
ਉਸ ਸ਼ਮਸ਼ਾਨ 'ਚ ਬੈਠਾ ਇੱਕ ਦੀਵਾਨਾ
ਦੀਵਾਨਾ  ਦੀਵਾਨਾ ਓ ਤੇਰਾ,
ਤੈਨੂੰ ਹੀ ਪਾਉਣ ਦੀ ਹਿਰਸ
ਉੱਠਦੀ ਸੀਨੇ ਚੋਂ ਇਕ ਲਾਟ
ਜੋ ਬਣਾਈ ਬੈਠੀ ਦਿਲ ਦਾ ਫਰਸ਼
ਉੱਤੇ ਫੁੱਲ ਸੂਹੇ ਤੇਰਾ ਹੀ ਨਾਮ ਗਾਵੇ
ਆ ਕੇ ਦਿਲ ਦੇ ਵਿਹੜੇ ਵੇ ਨੈਣਾ ਦੀ ਪਿਆਸ ਬੁਝਾ ਦੇ
ਬਿਨ ਤੇਰੇ ਜਿਸਮ ਤੋਂ ਰੂਹ ਅਲੱਗ ਹੋਈ
ਪਾ ਕੇ ਡੂੰਘੇ ਜਖ਼ਮ ਨੈਣਾਂ ਤੋਂ ਵੱਖ ਹੋਈ
ਚਿੱਟੇ ਦਾਗ ਜੋ ਉਭਰੇ ਤੇਰੇ ਹੀ ਗੀਤ ਗਾਵੇ
ਤੇਰੇ ਨਾਮ ਦੀ ਲੇਪ ਕੋਹੜ ਹੋਰ ਵਧਾਵੇ

ਸਾਨੂੰ ਤੇਰੀ ਇੱਕ ਝਲਕ ਚਾਹੀਦੀ ਵੇ ਸੱਜਣਾ
ਰੋਂਦੀ ਪਲਕ ਮੰਗਦੀ ਏ ਤੇਰੀ ਦੀਦ ਸੱਜਣਾ
ਤੱਕ ਤੱਕ ਤੇਰੀ ਰਾਹ ਥੱਕ ਗਈ ਅੱਖ ਸੱਜਣਾ
ਨੈਣ ਮੰਗਦੇ ਨੇ ਪਾਣੀ, ਰੋ ਰੋ ਮੈਂ ਗਈ ਅੱਕ ਸੱਜਣਾ
ਸਾਨੂੰ ਓਪਰਿਆਂ ਵਾਂਗ ਨਾ ਰੱਖ ਸੱਜਣਾ
ਤੈਨੂੰ ਮੰਨਿਆ ਏ ਅਸੀਂ ਰੱਬ ਸੱਜਣਾ
ਤੂੰ ਏਨੇ ਕਹਰ ਨਾ ਕਮਾ ਸੱਜਣਾ
ਤੇਰੀ ਦੀਦ ਸਾਡੇ ਲਈ ਅੰਮ੍ਰਿਤ ਵੇ
ਸਾਨੂੰ ਜ਼ਹਿਰ ਵਿਛੋੜੇ ਦਾ ਨਾ ਪਿਆ ਸੱਜਣਾ
ਤੇਰੀ ਮੁਸਕੁਰਾਹਟ 'ਚ ਵੱਸਦੀ ਏ ਸਾਡੀ ਜਾਨ ਵੇ
ਸਾਡੀ ਜਾਨ ਨਾ ਸਾਥੋਂ ਦੂਰ ਲੈ ਜਾ ਸੱਜਣਾ
ਤੇਰੇ ਬੁੱਲ੍ਹ ਸੂਹੇ ਫੁਲਾਂ ਦੀ ਕਲੀ ਵੇ
ਮਹਿਕਾਂ ਜਹਿਦੀਆਂ 'ਚ ਗਵਾਚਿਆ ਰਹਿੰਦਾ
ਮੇਰਾ ਦਿਲ ਸੱਜਣਾ

ਚਾਵਾਂ ਨਾਲ ਵਿਛਾਏ ਗੁਲਾਬ ਦਿਲ ਦੇ ਵਿਹੜੇ
ਤੂੰ ਰੀਜ਼ਾਂ ਨਾਲ ਆ ਮਿਲ ਸੱਜਣਾ
ਤੇਰੇ ਕਦਮਾਂ ਦੀ ਧੂੜ ਮੰਗਦਾ
ਸਾਡੇ ਦਿਲ ਦਾ ਫਰਸ਼ ਵੇ
ਤੂੰ ਇੱਕ ਵਾਰ ਸਾਡੀ ਹਿੱਕ ਤੇ
ਆਪਣੇ ਪੈਰਾਂ ਦਾ ਕਫ਼ਸ਼ ਸਜਾ ਸੱਜਣਾ
ਤੇਰੇ ਝਾਕੇ ਲਈ ਰੱਬ ਨਾਲ ਲੜਦਾ
ਤੇਰੇ ਹੀ ਨੇ ਏਨੇ ਚਾਅ ਸੱਜਣਾ
ਤੇਰੀਆਂ ਹੀ ਮੰਨਤਾਂ ਮੰਗਦਾ
ਇਹਨੂੰ ਕੋਈ ਜੰਨਤਾਂ ਦਾ ਨਾ ਮੋਅ ਵੇ
ਤੇਰੀਆਂ ਸਿਫ਼ਤਾਂ 'ਚ ਮਿੱਟਣਾ ਚਾਹੁੰਦਾ
ਬਣ ਕੇ ਸ਼ਮਸ਼ਾਨ 'ਚ ਸਵਾਹ ਸੱਜਣਾ
ਤੇਰੀਆਂ ਮਹਿਕਾਂ 'ਚ ਬਹਿਕਣਾ ਚਾਹੁੰਦਾ
ਹੋ ਕੇ ਹਵਾ 'ਚ ਫਨਾਹ ਸੱਜਣਾ
ਤੇਰੀਆਂ ਮੰਜ਼ਿਲਾਂ ਦੇ
ਹਮਸਫ਼ਰ ਦੇ ਤੱਕਦਾ ਸੁਪਣੇ
ਬਣ ਕੇ ਤੇਰੇ ਪੈਰਾਂ ਦਾ ਰਾਹ ਸੱਜਣਾ
ਤੇਰੀਆਂ ਚਾਹਤਾਂ 'ਚ ਗਵਾਚਾ ਰਹਿੰਦਾ
ਨਾ ਸੂਰਤ ਰਹਿੰਦੀ ਕੰਮ 'ਚ
ਤੈਨੂੰ ਹੀ ਰੱਬ ਕੋਲੋਂ ਮੰਗਦਾ ਰਹਿੰਦਾ
ਰੋਂਦਾ ਰਹਿੰਦਾ ਜੁਦਾਈ ਵਾਲੇ ਗਮ 'ਚ
ਜੇ ਆਉਣਾ ਨੀ ਸਾਡੇ ਵਹਿੜੇ
ਤਾਂ ਪੀੜ੍ਹ ਕਿਵੇਂ ਜ਼ਰਾਂ, ਏ ਦੱਸ ਸੱਜਣਾ
ਮੈਥੋਂ ਇਹ ਪੀੜ੍ਹ ਸੰਭਾਲੀ ਨੀ ਜਾਂਦੀ
ਜ਼ਿੰਦਗੀ ਗਈ ਥੱਕ ਤੇ ਹੋ ਗਈ ਬੱਸ ਸੱਜਣਾ
ਮੇਰੀ ਕਲਮ ਰੋਂਦੀ ਲਿਖਦੇ ਲਿਖਦੇ

ਇਹਦੀ ਸ਼ਾਹੀ 'ਚ ਨਾ ਹੋਰ ਦਰਦ ਭਰ ਸੱਜਣਾ
ਕਾਲੀ ਰਾਤ ਜਦੋਂ ਆਉਂਦੀ
ਚੰਨ ਹਾਉਕੇ ਭਰਦਾ ਏ
ਤੇ ਤਾਰੇ ਰੋ ਰੋ ਕਮਲੇ ਹੋਏ ਫਿਰਦੇ ਨੇ ਸੱਜਣਾ
ਦਿਨ ਵੈਰੀ ਤੇ ਹੁਣ ਰਾਤਾਂ ਨਾਲ ਸਾਂਝ ਸਾਡੀ
ਏ ਕਾਲੀ ਰਾਤ ਸਾਡੀ ਬੇਲੀ ਬਣੀ
ਤੂੰ ਐਵੇਂ ਨਾ ਸਾਡੀ ਰੂਹ ਤੇ ਚਿੱਟਾ ਕਫ਼ਨ ਸਜਾ ਸੱਜਣਾ
ਤੇਰੀ ਦੀਦ ਲਈ ਮੈਂ ਭੀਖ ਮੰਗਦਾ
ਸਾਨੂੰ ਦਰ-ਦਰ ਦੀਆਂ ਠੋਕਰਾਂ ਨਾ ਖਵਾ ਸੱਜਣਾ
ਅੱਖਾਂ 'ਚ ਜੋਤ ਚੱਲਦੀ ਤੇਰੇ ਕਰਕੇ
ਤੈਨੂੰ ਵੇਖਣ ਦੀ ਲਾਈ ਬੈਠੀ ਆਸ ਸੱਜਣਾ
ਪਿਆਸੀ ਅੱਖੀਆਂ ਸਾਡੀਆਂ, ਪਿਆਸਾ ਸਾਡਾ ਦਿਲ ਵੇ
ਮੰਗਦਾ ਏ ਤੇਰੀ ਦੀਦ ਦਾ ਪਾਣੀ
ਸਾਨੂੰ ਹੋਰ ਨੀ ਚਾਹੀਦਾ ਕੋਈ ਰਸ ਸੱਜਣਾ
ਤੇਰੀ ਖੁਸ਼ਬੂ ਦੀ ਢਾਚੀ ਲਈ
ਪੈੜਾਂ ਦਾ ਮਾਸ ਛਿਲਾਇਆ ਵੇ
ਚੱਲ ਚੱਲ ਕੇ ਥੱਕ ਗਏ ਨੇ ਮੇਰੇ ਪੈਰ ਸੱਜਣਾ
ਜਿਉਂ ਜਿਉਂ ਤੇਰਾ ਨਾਮ ਜਪਾਂ ਕੋਹੜ ਵਧਦਾ ਜਾਂਦਾ
ਜਿਵੇਂ ਸੁੱਕੇ ਜੰਗਲ ਨੂੰ ਲਾਟ ਸੱਜਣਾ

ਕਸਦ ਏ ਮੇਰੀ ਤੇਰਾ ਪਿਆਰ ਪਾਉਣ ਦੀ
ਬਹਿ ਕੇ ਯਾਦ ਗਾਉਣੀ ਤੇਰੀ
ਵਿੱਚ ਬਰਸਾਤ ਸਾਉਣ ਦੀ
ਫਸਲ ਸਾਉਣੀ ਦੀ ਵੀ ਗਾਵੇਗੀ
ਤੇਰੀ ਸਿਫਤ ਕਮਲੀਏ
ਵਿੱਚ ਲੋਰ ਹਵਾ ਦੇ ਸ਼ੋਰ ਦੀ
ਬਦਲਾਂ ਦੇ ਵਿੱਚ ਅੰਗਾਰ ਬਲੇਗੀ

ਨਗਾਰਾ ਇੰਦਰ ਵਜਾਵੇਗਾ
ਸੁਣ ਕੇ ਮੇਰਾ ਗੀਤ ਮੋਰ ਵੀ ਨਸ਼ਆਵੇਗਾ
ਕਸਦ ਏ ਮੇਰੀ ਤੇਰਾ ਪਿਆਰ ਪਾਉਣ ਦੀ
ਬਹਿ ਕੇ ਸਾਉਣ ਦੇ ਮਹਿਨੇ
ਰੂਹਾਂ ਵਾਲਾ ਗੀਤ ਗਾਉਣ ਦੀ

ਹੋਸ਼ 'ਚ ਮੈਂ ਹੋਵਾਂਗਾ, ਤੇ ਮਦਹੋਸ਼ੀ ਮੇਰਾ ਗੀਤ
ਛੱਪੜ ਕੰਡੇ ਵਜਾਵਾਂਗਾ ਬੀਣ
ਜਿਹਨੂੰ ਸੁਣੇਗਾ ਮੇਰਾ ਮੀਤ
ਉਹਦੀ ਮੜਹਾਣੀ ਸੁਗੰਧ ਨੂੰ
ਫੁੱਲਾਂ ਦੀ ਕਲੀ ਤਰਸੇਗੀ
ਜਿਹਦੇ ਲਈ ਦੇਵਤੇ ਤਾਂ ਕੀ
ਮੜਵੜੀ ਵੀ ਨੱਚੇਗੀ
ਇਸ਼ਕ ਤੇਰੇ ਦਾ ਯੋਗੀ ਹਾਂ ਮੈਂ
ਇਸ਼ਕ ਤੇਰੇ ਦਾ ਗੀਤ ਗਾਵਾਂਗਾ
ਗੀਤ ਅਵੱਲਾ ਗਾਵਾਂਗਾ
ਰੂਹ ਬੋਲੇਗੀ, ਪਰ
ਕੋਈ ਬੁੱਲ੍ਹ ਨਾ ਹਲਾਵਾਂਗਾ
ਸਿਵਿਆਂ ਦਾ ਬਾਲਣ ਲਾਲ ਰੰਗ ਚੜਾਵੇਗਾ
ਹਉਕੇ ਹਾਵਾਂ ਖਾਵੇਗਾ, ਉਹਦਾ ਸਾਹ ਉਡਦਾ ਜਾਵੇਗਾ
ਸਾਰਾ ਜਨ ਕੁਰਲਾਵੇਗਾ
ਪਰ ਮੁੱਖ ਮੇਰਾ ਹੱਸਦਾ ਮਿਟ ਜਾਵੇਗਾ
ਲੋਕਾਂ ਨੂੰ ਲੱਗੇਗਾ ਕਿ ਮੈਂ ਗਾਉਣਾ ਛੱਡਤਾ
ਬੇਵਜਾ ਐਂਵੇ ਰੋਣਾ ਛੱਡਤਾ

ਪਰ ਉਹਨਾਂ ਨੂੰ ਕੀ ਪਤਾ
ਮੈਂ ਤੇਰੇ ਸ਼ਹਿਰ ਦੀ ਹਵਾ 'ਚ ਰੱਲ

ਹਰ ਬਰਸਾਤ 'ਚ ਗਾਵਾਂਗਾ
ਤੇਰੇ ਇਸ਼ਕ ਦਾ ਕਲਮਾ ਗਾਵਾਂਗਾ
ਸਾਰੀ ਕੁਦਰਤ ਗਾਵੇਗੀ ਨਾਲ ਮੇਰੇ
ਤੇ ਨਾਲ ਤੇਰਾ ਸ਼ਹਿਰ ਗਾਵੇਗਾ
ਇਹ ਠਾਣ ਨੀ ਸੀ ਮੇਰੀ
ਦਿਤੇ ਰੋਗ ਨੇ ਠਾਣ ਬਣਾਈ ਏ
ਮਲ ਮਲ ਲੇਪ ਤੇਰੇ ਨਾਮ ਦੀ
ਜੋ ਮਾਸ ਛਿਲਾਈ ਬੈਠਾਂ ਹਾਂ
ਉਹਨੇ ਮੌਤ ਨੇੜੇ ਲਿਆਈ ਏ
ਕਸਦ ਮੇਰੀ ਪੂਰੀ ਹੋਣੇ ਨੂੰ ਆਈ ਏ

# ਤੇਰਾ ਸ਼ਹਿਰ

ਨੀ ਤੂੰ ਮੈਨੂੰ ਆਪਣੇ ਸ਼ਹਿਰ ਤੋਂ ਬਚਾ
ਏ ਰਾਤਾਂ ਨੂੰ ਖ਼ੂਨ ਨਿਚੋੜ ਦਾ ਏ
ਵੇਖ ਕੀਤਾ ਕੀ ਹਾਲ ਏਨੇ ਮੇਰਾ
ਤੂੰ ਏਨੇ ਪਾਪ ਨਾ ਕਮਾ
ਤੂੰ ਮੈਨੂੰ ਆਪਣੇ ਸ਼ਹਿਰ ਤੋਂ ਬਚਾ

ਇਹ ਆਪਣੀਆਂ ਧੁੱਪਾਂ ਨਾਲ
ਤੇਰੀਆਂ ਯਾਦਾਂ ਦੇ ਭਰੇ
ਇਸ ਸਿਰ ਨੂੰ ਫੋੜ ਦਾ ਏ
ਤੇਰਾ ਸ਼ਹਿਰ ਮੇਰੇ ਰਤ ਨੂੰ
ਆਪਣੇ ਗੰਦੇ ਨਾਲੇ ਚ ਰੋੜ ਦਾ ਏ
ਜ਼ਖਮ ਗੁੜ੍ਹੇ ਲਾ ਕੇ ਦਿਲ ਤੇ
ਲੂਣ ਲਪੋੜਦਾ ਏ
ਨੀ ਤੂੰ ਮੈਨੂੰ ਆਪਣੇ ਸ਼ਹਿਰ ਤੋਂ ਬਚਾ

ਏ ਰਾਤਾਂ ਨੂੰ ਖ਼ੂਨ ਨਿਚੋੜ ਦਾ ਏ
ਜਦ ਰਾਤ ਦਾ ਬੋਲ-ਬਾਲਾ ਹੁੰਦਾ
ਤੇਰੇ ਸ਼ਹਿਰ ਦਾ ਸਨਾਟਾ
ਮੇਰੀ ਨੀਂਦ ਦੇ ਖਵਾਬ ਉਖੋੜਦਾ ਏ
ਹੱਥਾਂ ਵਿਚ ਕਲਮ ਫੜਾ ਕੇ
ਜ਼ਖਮਾਂ ਦੇ ਅੱਖਰ ਘੜਾ ਕੇ
ਕੋਰੇ ਕਾਗਜ਼ ਤੇ ਘਸੀੜਦਾ ਏ
ਡਿਗਦੇ ਅੱਥਰੂਆਂ ਨੂੰ ਇਕੱਠਾ ਕਰ
ਜਿਵੇਂ ਚੱਕੀ ਚ ਪਾ ਪਸੀੜਦਾ ਏ
ਤੇਰਾ ਸ਼ਹਿਰ ਤਾਂ ਬੜਾ ਨਿਰਦਈ ਏ
ਜੋ ਚਾਟੀ ਚ ਪਏ ਅੱਧ ਨੂੰ ਰਿੜਕੇ-ਰੋੜਦਾ ਏ

ਠੰਡੀਆਂ ਹਵਾਵਾਂ ਛੱਡ,
ਜਿਸਮ ਦਾ ਮਾਸ ਸਕੋੜਦਾ ਏ
ਨੀ ਤੂੰ ਮੈਨੂੰ ਆਪਣੇ ਸ਼ਹਿਰ ਤੋਂ ਬਚਾ
ਇਹ ਰਾਤਾਂ ਨੂੰ ਖ਼ੂਨ ਨਿਚੋੜਦਾ ਏ

ਤੇਰਾ ਸ਼ਹਿਰ ਕਾਹਦਾ ਵਿਕਸਿਤ
ਜੋ ਨਰੋਏ ਦੀ ਰੂਹ ਤੇ ਧੂੰਆਂ ਧੂੜਦਾ ਏ
ਲੋਭੀ ਲੋਕ, ਲੋਭੀ ਸ਼ਹਿਰ ਤੇਰਾ ਆ
ਪੈਸਾ ਵੇਖ ਯਾਰ ਨੂੰ ਪਿੱਠ ਵਿਖਾੜਦਾ ਏ
ਬੀਮਾਰ ਬੱਦਲ, ਬੀਮਾਰ ਪੌਣਾ,
ਬੀਮਾਰੀ ਨੇ ਘਰ, ਤੇਰਾ ਸ਼ਹਿਰ ਬਣਾਇਆ
ਬੀਮਾਰੀ ਵੱਸ ਗਈ ਇਹਦੇ ਹੱਡ ਅੰਦਰ
ਰੋਗ ਚੰਦਰਾ ਮੇਰੇ ਦਿਲ ਤੇ ਲਾਇਆ
ਜਦ ਤੇਰੇ ਮੈਂ ਸ਼ਹਿਰ ਚ ਆਇਆ
ਬੁੱਲਾਂ ਨੇ ਮੁੜ ਹਾਸਾ ਨਾ ਵਖਾਇਆ
ਪਿੰਡ ਆਪਣੇ ਮੈਂ ਕਰਦਾ ਸੀ ਦੀਦਾਰ
ਆਪਣੇ ਰੱਬ ਦਾ ਜਿੰਨਾਂ ਨਾਲ
ਉਹਨਾਂ ਨੈਣਾ ਨੇ ਹੁਣ
ਫੁਹਾਰਾ ਹੰਝੂਆਂ ਦਾ ਲਾਇਆ
ਘਰ ਪੰਛੀਆਂ ਦੀ ਚੀਂ ਚੀਂ
ਜਿਹਨੂੰ ਲੱਗਦੀ ਸੀ ਪਿਆਰੀ
ਉਹਨਾਂ ਕੰਨਾਂ ਚ ਮਾਤਮ
ਤੇਰੇ ਸ਼ਹਿਰ ਦੀਆਂ ਮੋਟਰਾਂ ਨੇ ਪਾਇਆ
ਜ਼ਹਿਰ ਸਿਦਕ ਵਾਲਾ ਪੀਤਾ ਇਸ ਗਲੇ ਨੇ
ਜੋ ਤੇਰੇ ਸ਼ਹਿਰ ਨੇ ਪਿਆਇਆ
ਜੀਭ ਬੋਲਦੀ ਸੀ ਖ਼ੁਸ਼ੀ ਦੇ ਗੀਤ ਘਰ ਅੰਦਰ
ਤੇਰੇ ਸ਼ਹਿਰ ਨੇ ਉਸਤੇ ਕਫਨ ਸਜਾਇਆ

ਜਿਸਮ ਨੂੰ ਸਾੜਿਆ ਤੇਰੀਆਂ ਯਾਦਾਂ  ਨੇ
ਦਿਲ ਕੱਢ ਲੈ ਗਈ ਤੂੰ
ਬਚਿਆ ਖ਼ੂਨ  ਜੋ ਤੇਰਾ ਸ਼ਹਿਰ ਨਿਚੋੜਦਾ ਏ
ਸ਼ਾਮਾਂ ਵਾਲੀ ਨਿਚੋੜਨੀ ਚ ਨਿਚੋੜਦਾ ਏ
ਨੀ ਤੂੰ ਮੈਨੂੰ ਆਪਣੇ ਸ਼ਹਿਰ ਤੋਂ ਬਚਾ
ਜਾ ਕਿਸੇ ਏਸੇ ਨਾਲ ਮਿਲਾ
ਜੋ ਟੁਟੇ ਦਿਲਾਂ ਨੂੰ ਜੋੜਦਾ ਏ

ਮੇਰੇ ਪਿਆਰ ਦੇ ਲਫਜ਼ਾਂ ਵਿੱਚ
ਵਸਦੀਆਂ ਸਨ ਮਹਿਕਾਂ ਤੇਰੀਆਂ
ਹੌਲੀ ਹੌਲੀ ਬਣ ਗਈ ਗਮਾਂ ਦੀ ਪਟਾਰੀ
ਤੇ ਵਿੱਚ ਸੱਪ ਪੇਲੇ ਘੁੰਮਣ ਘੇਰੀਆਂ
ਵਿਛੋੜਾ ਤੇਰਾ ਆ ਕੇ
ਜਾ ਤੇਰੇ ਸ਼ਹਿਰ ਦਾ ਪਿਆਰ ਏ
ਅਸਰ ਸਮਝ ਨਾ ਆਵੇ ਮੈਨੂੰ
ਜਿਨੇ ਚੜਾਇਆ ਏ ਅਨੋਖੜਾ ਬੁਖਾਰ ਏ
ਪਾਰਾ ਚੜ੍ਹਦਾ ਏ ਉਦੋਂ
ਜਦੋਂ ਡਿੱਗਦਾ ਏ ਕੋਰਾ ਹਨੇਰੇ ਦਾ
ਵੰਗਾਂ ਚਾਨਣੀਆਂ ਚੜਾ ਕੇ
ਤੇ ਉਤਰਦਾ ਏ ਉਦੋਂ
ਜਦੋਂ ਮਗਦਾ ਏ ਸੂਰਜ ਸਵੇਰੇ
ਲਾਟਾਂ ਗਮਾਂ ਦੀਆਂ ਬਿਛਾੜ ਕੇ
ਇਸ ਪਾਰੇ ਵਿੱਚ ਲਿਖਦਾ ਹਾਂ
ਮੈਂ ਗੀਤ ਗਮਾਂ ਦਾ
ਜੋ ਲਿਖਦਾ ਸੀ ਗੀਤ ਪਿਆਰ ਦਾ ਵੇ
ਇਹ ਅਸਰ ਨਾ ਲੱਗੇ ਮੈਨੂੰ ਚੰਨ ਦਾ
ਤੇ ਨਾ ਲੱਗੇ ਏ ਕਾਲੀ ਰਾਤ ਦਾ

ਜੋ ਪੀੜਾਂ ਮੇਰੀਆਂ ਨੂੰ
ਭਰ ਭਰ ਚੰਗੇਰ ਕਾਪੀ ਤੇ ਖਿਲਾਰਦਾ ਏ
ਜੋ ਬਾਲ-ਬਾਲ ਕੋਲੇ ਸੁਪਣਿਆਂ ਦੇ ਵੇ
ਉਪਰ ਰਿੜਕਦੇ ਨੂੰ ਹੋਰ ਰਾੜਦਾ ਏ
ਤੇਰਾ ਸ਼ਹਿਰ ਹੀ ਓ
ਜੋ ਰਾਤਾਂ ਨੂੰ ਖ਼ੂਨ ਨਿਚੋੜਦਾ ਏ

ਲੱਭਦਾ ਫਿਰਾਂ ਮੈਂ ਤੇਰੇ ਸ਼ਹਿਰ ਚੋਂ
ਕੋਈ ਸਨਾਟੇ ਵਾਲੀ ਥਾਂ
ਬਸ ਇਕ ਛਿੜੀ ਮੋਟਰਾਂ ਦੀ
ਤੇ ਦੂਜੀ ਲੱਭੇ ਨਾ ਮੈਨੂੰ ਕੋਈ ਰਾਹ
ਠਰ ਠਰ ਹਾਸੇ ਮੇਰੇ ਚਲੇ ਗਏ
ਮੋਇਆਂ ਤੋਂ ਵੀ ਉਤਾਂ
ਦੇ ਕੇ ਰੋਣਿਆਂ ਨੂੰ ਅਮਰਾਂ ਦਾ ਸ਼ਰਾਪ
ਉਮਰਾਂ ਦੀ ਥਾਂ
ਆਲ੍ਹਣਾ ਪਾਇਆ ਸੀ ਜੋ ਮੈਂ
ਤੇਰੇ ਸ਼ਹਿਰ ਵਿਚਾੜੇ
ਵਿਕਸਿਤ ਤੇਰੇ ਸ਼ਹਿਰ ਨੇ
ਸਾਫ਼ ਕਰ ਦਿੱਤੀ ਓ ਥਾਂ
ਬਨੇਰੇ ਬੈਠਾ ਕੁਰਲਾਉਂਦਾ ਦਿਲ ਮੇਰਾ
ਬਣ ਕੇ ਇੱਕ ਲੰਗੜਾ ਕਾਂ
ਰੋਵੇ ਇੰਝ ਜਿਵੇਂ ਵੇਖਿਆ ਨਾ ਹੋਵੇ
ਕਦੇ ਖਾਰਿਆਂ ਦਾ ਤਲਾਅ
ਹੰਝੂ ਮੇਰੇਆ ਨੇ
ਮਾਰ ਮਾਰ ਸਿਰ ਪੱਥਰਾਂ ਤੇ
ਭਰ ਦਿੱਤਾ ਉਸ ਨਦੀ ਦਾ ਰਾਹ
ਜਮਾਂ ਝਰਨਿਆਂ ਵਾਂ

ਧੁੱਪਾਂ ਤੇਰੇ ਸ਼ਹਿਰ ਦੀਆਂ ਬਹਿ ਕੇ ਸੇਕੇ
ਹੁਣ ਉਪਰ ਪੱਥਰਾਂ ਤੇ ਰੱਖ ਕੇ ਬਾਂਹ
ਇਸ ਗਗਨ ਨੇ ਪਾਇਆ ਉਪਰ
ਬੱਦਲਾਂ ਦਾ ਪਾਟਾ ਕੱਪੜਾ
ਕੱਲੀ ਛੱਡੀ ਤੇਰੇ ਸ਼ਹਿਰ ਦੀ ਓਹੀ ਥਾਂ
ਜਿੱਥੇ ਬੈਠਾ ਤੇਰਾ ਆਸ਼ਕ
ਸੈਕੇ ਧੁੱਪਾਂ
ਜਿੱਥੇ ਕਰੇ ਨਾ ਕੋਈ ਛਾਂ
ਉਹਨਾਂ ਪੱਥਰਾਂ ਤੋਂ ਲੰਘੇ ਤੇਰੀ ਭੈਣ
ਲੈ ਕੇ ਕੰਡੇਲੇ ਝਾੜੀਆਂ ਦਾ ਜਾਰ
ਬੈਠਾ ਵਿੱਚ ਸਰਕੜੇਆਂ ਦਾ ਟੋਲਾ
ਜੋ ਬਚਾਵੇ ਮੈਨੂੰ ਬਾਰ ਬਾਰ
ਬਚਣਾ ਤਾਂ ਕੀ ਹੁਣ ਲੰਘ ਗਈ ਜਿੰਨੀ
ਮਾਰ ਮਾਰ ਕਾਤਰ ਪਾਣੀਆਂ 'ਚ ਵਹਾਅ
ਉਡੀਕੇ ਤੇਰੇ ਸ਼ਹਿਰ ਦੇ
ਸੀਵਿਆਂ ਦਾ ਬਾਲਣ ਮੈਨੂੰ
ਹੁਣ ਉਡੀਕ ਦੀਆਂ ਨੇ
ਹਵਾਵਾਂ ਮੇਰੀ ਸਵਾਅ
ਜੋਂਕਾਂ ਚਿੰਬੜੀਆਂ ਜਿਹੜੀਆਂ ਸਰੀਰ ਨੂੰ
ਏ ਨਹੀਓ ਪੀਂਦੀਆਂ
ਪੀਂਦਾ ਏ ਤੇਰਾ ਗਰਾਂ
ਜੋ ਮਾਰ ਮਾਰ ਕੋਹੜੇ
ਫਿਰ ਸੀ ਕੇ ਮਾਸ
ਪੱਟੀਆਂ ਬਣ ਜੋੜਦਾ ਏ
ਹੋਰ ਕੋਈ ਨਈਓ
ਤੇਰਾ ਸ਼ਹਿਰ ਏ
ਜੋ ਰਾਤਾਂ ਨੂੰ ਖ਼ੂਨ ਨਿਚੋੜਦਾ ਏ

ਕਾਲਾ ਹਨੇਰਾ ਤੇਰੇ ਸ਼ਹਿਰ ਦਾ
ਜਿਵੇਂ ਪਾਇਆ ਕੁੜਤਾ ਕਾਲਾ
ਫੜ ਕੇ ਇੱਕ ਲੰਬੀ ਸੜਕ ਦੀ
ਸ਼ੰਮਾਂ ਵਾਲੀ ਡਾਂਗ
ਉੱਤੇ ਚਮਕਾਵੇ
ਗੱਡੀਆਂ ਦੇ ਕੌਕੇ
ਮਾਰ ਮਾਰ ਇਹ ਡਾਂਗ
ਮਿੱਦੀ ਜਾਵੇ, ਕਿਨਾਰੇ ਆਸ਼ਕਾਂ ਦੀ ਡਾਰ
ਕਦੇ ਬਣ ਜਾਵੇ ਜੱਟ ਪੰਜਾਬ ਦਾ
ਤੇ ਕਦੇ ਬਣੇ ਮੁਗਲ ਮਹਾਰਾਜ
ਇੱਕ ਹੱਥ ਫੜ ਕੇ ਕਮਲ ਚਿੱਟਾ
ਤੇ ਉਤੇ ਸਿਰ ਤੇ ਲਾਲ ਤਾਜ
ਕੰਮ ਇਕੋ ਜਿਹਦਾ
ਝਾੜਨੇ ਨੇ ਆਸ਼ਕ
ਵਜਾ ਕੇ ਖੰਡਾ ਦਾ ਸਾਜ਼
ਵਿੱਚ ਚਾਂਦਨੀ ਬਾਜ਼ਾਰ
ਖ਼ੂਨ ਦਾ ਪਿਆਸਾ ਇਹ ਸ਼ਹਿਰ ਤੇਰਾ
ਖ਼ੂਨ ਨਾਲ ਇਹਦੀ ਪਛਾਣ ਏ
ਪੀਰਾਂ ਤੋਂ ਲੈ ਕੇ
ਹੁਣ ਕਲਯੁਗ ਵਿੱਚ
ਲਹੂ 'ਚ ਨੱਚਦੀ ਇਹਦੀ
ਸ਼ਹੀਦਾਂ ਵਾਲੀ ਰਾਹ ਹੈ
ਦੱਖਣ ਤੋਂ ਫੜ ਕੇ ਦਾਤੀ ਮੀਨਾਰ ਵਾਲੀ
ਝਾੜੀ ਜਾਂਦੀ ਸ਼ਟਾਲੇ ਦੇ ਸਿਰ
ਤੇ ਉੱਤੇ ਚਾਰਦੀ
ਆਪਣੀ ਰਾਜਨੀਤੀ ਵਾਲੀ ਗਾਂ ਏ
ਸ਼ਟਾਲੇ ਦੀ ਰੀੜ੍ਹ ਦੀ ਹੱਡੀ ਟੁਟੀ

ਜਿਨੂੰ ਦੰਦਾਂ 'ਚ ਦਬੋਚ,
ਪੀਪਣੀ ਬਣਾ
ਉਪਰੋਂ ਗਾਉਂਦੀ ਪਿਆਰ ਵਾਲਾ ਰਾਗ ਏ
ਕੀ ਕਹਾਣੀ ਸੁਣਾਵਾਂ ਮੈਂ ਤੇਰੇ ਸ਼ਹਿਰ ਦੀ
ਜਿਹਨੇ ਲੁਟਿਆ ਮੇਰਾ ਹਰ ਕੋਈ ਖਵਾਬ ਏ
ਸੂਹਾ ਰੰਗ ਜਿਹਨੂੰ ਪਿਆਰਾ ਲੱਗਦਾ
ਸੂਹੇ ਰੰਗ 'ਚ ਚਮਕਦੀ ਇਹਦੀ ਦੀਵਾਰ ਹੈ
ਜਿੱਥੇ ਖੂਹ 'ਚ ਸੁੱਟੇ ਆਸ਼ਕ ਨੇ
ਤੇ ਤਰੁਣੀ ਭਰ ਭਰ ਗਾਗਰ ਖੂਨ ਦੀ
ਰੰਗੀ ਜਾਂਦੀ ਆਪਣੇ ਚਹਿਰੇ ਦਾ ਮਕਾਨ ਏ
ਗੁਮਰਾਹ ਲੋਕ ਤੇ ਉਹਨਾਂ ਨੂੰ ਗੁਮਰਾਹ ਬਣਾਵੇ
ਤੇਰੇ ਸ਼ਹਿਰ ਦੀ ਠੰਢੀ ਛਾਂ ਏ
ਖੂਨ 'ਚ ਨੱਚਦੀ
ਭਰ ਭਰ ਸਰ ਖੂਨ ਦੇ
ਖੂਨੀ ਸੰਧੂਰ ਚੜ੍ਹਾਇਆ
ਇਥੋਂ ਦੀ ਜੋ ਮਿੱਟੀ ਮਾਂ ਏ
ਸਦੀਆਂ ਤੋਂ ਹੀ ਇਹਨੇ ਆਸ਼ਕਾਂ ਦਾ
ਕੀਤਾ ਬੁਰਾ ਹਾਲ ਏ
ਹੋਰ ਕੋਈ ਨਹੀਓ
ਤੇਰਾ ਸ਼ਹਿਰ ਏ
ਜੋ ਨਿਚੋੜ ਨਿਚੋੜ ਖੂਨ
ਭਰੀ ਜਾਂਦਾ ਇਤਿਹਾਸ ਦਾ ਭੰਡਾਰ ਏ

# ਠੋਕਰਾਂ ਦੀ ਗੁਲਾਮ

ਏ ਜ਼ਿੰਦਗੀ ਤਾਂ ਠੋਕਰਾਂ ਦੀ ਗੁਲਾਮ ਐ
ਖਾ ਖਾ ਠੋਕਰਾਂ, ਠੇਢੇ ਲਵਾਉਣਾ ਹੁਣ ਆਮ ਐ
ਜਿੱਥੇ ਪਿਆਰ ਦਾ ਹੁੰਦਾ ਕਤਲੇਆਮ ਐ
ਤੇ ਬੇਵਫਾਈ ਦਾ ਮਿਲਦਾ ਇਨਾਮ ਹੈ
ਏ ਜ਼ਿੰਦਗੀ ਤਾਂ ਠੋਕਰਾਂ ਦੀ ਗੁਲਾਮ ਐ

ਨਿੱਕੀ ਨੱਕੀ ਗੱਲ ਤੇ ਲੋਕਾਂ ਦੇ ਮਨਾਂ 'ਚ ਇੰਤਕਾਮ ਐ
ਬੰਦਾ ਬੰਦੇ ਦੀ ਚੜ ਵੇਖ ਸੜਦਾ
ਭਾਂਵੇ ਅੱਗੇ ਵੱਜਦੇ ਸਲਾਮ ਐ
ਜਿੱਥੇ ਖੁਦਾ ਮੰਦਿਰਾਂ ਚ ਰੁਲਦਾ ਤੇ ਪੈਸਾ ਰਾਮ ਹੈ
ਏ ਜ਼ਿੰਦਗੀ ਉਸ ਦੁਨਿਆ ਦੀ ਗੁਲਾਮ ਐ

ਪਿਆਰ 'ਚ ਵੱਜਦੀ ਸੱਟ, ਤੇ ਹੱਥਾਂ ਚ ਜਾਮ ਐ
ਭਰ ਕਿਤਾਬਾਂ ਆਰਫ਼ਾਨਾ ਕਲਾਮ ਦੀਆਂ
ਬਣਿਆ ਪਿਆਰ ਦਾ ਅਮਾਮ ਐ
ਇਹ ਜ਼ਿੰਦਗੀ ਵੀ ਕਾਹਦੀ ਜ਼ਿੰਦਗੀ
ਜੋ ਠੋਕਰਾਂ ਦੀ ਗੁਲਾਮ ਏ

ਪਰ ਗਗਨ ਦੀ ਕਲਮ ਯਾਰ ਦੀ ਗੁਲਾਮ ਐ
ਲਿਖਦੀ ਉਹਨੂੰ ਇਕ ਪੇਗਾਮ ਐ
ਕਿ ਤੈਨੂੰ ਹੱਥ ਜੋੜ ਪਰਨਾਮ ਹੈ
ਤੈਨੂੰ ਦਿਲੋਂ ਦੁਆ ਸਲਾਮ ਹੈ
ਏਹਿਓ ਸਾਡੀ ਜ਼ਿੰਦਗੀ ਦਾ ਮੁਕਾਮ ਹੈ

# ਅਲਗੋਜ਼ਾ

ਸੀਨੇ ਚੋਂ ਭਾਂਬੜ
ਅੱਖੀਆਂ ਚੋਂ ਫੁਹਾਰੇ
ਦਗਦੇ ਹੋਏ ਕੋਲੇ
ਨੈਣਾਂ ਦੇ ਅਖਾੜੇ
ਚਾਨਣੀਆਂ ਰਾਤਾਂ
ਤਾਰਿਆਂ ਦੀ ਲੋਏ
ਇੱਕ ਅਲਗੋਜ਼ਾ ਬੋਲੇ
ਰੋਏ ਰੋਏ

ਕਣੀਆਂ ਦੀ ਬੋਛਾੜ
ਬੱਦਲਾਂ ਦੀ ਦਹਾੜ
ਪੱਤਿਆਂ ਦੀ ਆਵਾਜ਼
ਹਵਾ ਦੀ ਚੁੱਪੀ
ਗਗਨਾਂ ਦੀ ਚਿੰਗਾਰ
ਰੋਣਿਆਂ ਦਾ ਸਰ
ਵਿੱਚ ਗੱਲਾਂ ਦੇ ਟੋਏ
ਇੱਕ ਅਲਗੋਜ਼ਾ ਬੋਲੇ
ਰੋਏ ਰੋਏ

ਠਰਦਾ ਸ਼ਹਿਰ
ਠਰਦਾ ਪਹਾੜ
ਯਾਦਾਂ ਦੀ ਗਰਮੈਹਸ਼
ਵਿੱਚ ਨਚਦਾ ਪਿਆਰ
ਪਿੱਪਲਾਂ ਦੇ ਥੱਲੇ
ਸੱਤਾਂ ਦੇ ਉੱਤੇ
ਕਾਵਾਂ ਦੀ ਆਵਾਜ਼

ਛਾਵਾਂ ਦੀ ਮਿਠਾਸ
ਰਾਵਾਂ ਦੇ ਸੋਏ
ਇੱਕ ਅਲਗੋਜ਼ਾ ਬੋਲੇ
ਰੋਏ ਰੋਏ

ਹਵਨਾਂ ਦੀ ਅੱਗ
ਆਂਧਰ ਦੀ ਅੱਖ
ਸ਼ਟਾਲੇ ਦਾ ਸਾਗ
ਜੇਠ ਦਾ ਮਾਗ
ਤੀਆਂ ਬਿਨ ਸਾਵਣ
ਚਾਦਰੇ ਦੇ ਮੋਰ
ਵਿਛੋੜੇ ਸੂਈ ਦਾ ਖਾਵਣ
ਹੰਝੂਆਂ ਦਾ ਪਿਆਲਾ
ਪੀ ਵੱਖ ਹੋਏ
ਇੱਕ ਅਲਗੋਜ਼ਾ ਬੋਲੇ
ਰੋਏ ਰੋਏ

ਫਕੀਰਾਂ ਦੀ ਝੁੱਗੀ
ਕੂਲ ਦਾ ਵਹਾਅ
ਜੰਗਲ ਦੀ ਰਾਤ
ਰੁੱਖਾਂ ਦਾ ਸਾਹ
ਝਾੜੀਆਂ ਦਾ ਓਹਲਾ
ਹਾਸਿਆਂ ਦੀ ਬਾਤ
ਜਦ ਰੋਇਆਂ ਦੀ ਹੋਏ
ਇੱਕ ਅਲਗੋਜ਼ਾ ਬੋਲੇ
ਰੋਏ ਰੋਏ

ਮਦਾਣੀਆਂ ਦੀ ਆਵਾਜ਼
ਨਾ ਦੁੱਧਾਂ ਚ ਉਬਾਲ
ਗਵਾਚਿਆਂ ਦੀ ਤਾਂਘ
ਆਸਾਂ ਦੀ ਸਾਂਜ
ਬਾਰੀ ਚ ਝਾਕ
ਕਦ ਸਨੇਹੜੇ ਦੀ ਪਹੁੰਚ
ਬਾਹਰੋਂ ਸਾਫੀ ਦਿਲ
ਅੰਦਰ ਜ਼ਹਿਰ ਦੇ ਕਿਲ
ਹੰਝੂਆਂ 'ਚ ਪਰੋਏ
ਸੀਨੇ 'ਚ ਬੋਏ
ਇੱਕ ਅਲਗੋਜ਼ਾ ਬੋਲੇ
ਰੋਏ ਰੋਏ

ਪਿਆਰ ਦਾ ਸਾੜਾ
ਹੰਝੂਆਂ ਦਾ ਕਾਹੜਾ
ਛੱਪੜਾਂ ਦੇ ਕਿਨਾਰੇ
ਟਟੋਲੀ ਦੇ ਲਾਰੇ
ਸਿਵਿਆਂ ਦਾ ਬਾਲਣ
ਚੰਨ ਦਾ ਚਾਨਣ
ਕੰਡਿਆਂ ਦਾ ਤਾਜ਼
ਫੁੱਲਾਂ ਤੇ ਸਜੇ
ਇੱਕ ਅਲਗੋਜ਼ਾ ਵੱਜੇ
ਰੋਏ ਰੋਏ

# ਕਜਾਵਾ

ਸੁਨੇਹਰੀ ਮੈਦਾਨਾਂ 'ਚ
ਤੱਪਦੀਆਂ ਰੇਤਾਂ 'ਚ
ਊਠਾਂ ਉੱਤੇ ਬਹਿ
ਬਣਾ ਮਾਸ ਦਾ ਕਜਾਵਾ
ਪੈਰਾਂ 'ਚ ਫਸਾ
ਤੂੰ ਚਲਦਾ ਜਾ
ਦਿਲਾ ਤੂੰ ਚਲਦਾ ਜਾ

ਪਾਣੀਆਂ ਦੀ ਤੂੰ
ਲਾ ਨਾ ਤਾਂਘ
ਬੁੱਲਾਂ ਦੀ ਤੂੰ
ਮਨ ਨਾ ਕੋਈ ਉਮਾਂਗ
ਨੈਣਾਂ ਦਾ ਸੁਣ
ਨਾ ਕੋਈ ਹਾਲ
ਨਿਸ਼ਾਨਾ ਮਨ ਕੇ
ਤੂੰ ਸਿਖਰਾਂ ਦਾ
ਤੂੰ ਚਲਦਾ ਜਾ
ਦਿਲਾ ਤੂੰ ਚਲਦਾ ਜਾ

ਜੰਗਲਾਂ ਦੇ ਨੇਰਿਆਂ ਤੋਂ
ਤੂੰ ਨਾ ਡਰ
ਪੀੜਾਂ ਦਾ ਪਿਆਲਾ
ਤੂੰ ਭਰ ਪੀ ਜਰ
ਕਜਾਵੇ ਦਾ ਸਾਥ
ਤੇ ਮੰਜ਼ਿਲ ਦੀ ਤਾਂਘ 'ਚ
ਤੂੰ ਚਲਦਾ ਜਾ
ਦਿਲਾ ਤੂੰ ਚਲਦਾ ਜਾ

ਥੌਹਰ ਦੇ ਕੰਡਿਆਂ
ਦਾ ਤੂੰ ਜਲ ਬਣਾ
ਸੱਪ ਦੀ ਕੁੰਜ ਦੀ
ਤੂੰ ਛਾਗਲ ਬਣਾ
ਤੱਪਦੀ ਰੇਤ 'ਚ ਤੂੰ
ਆਪਣੇ ਆਪ ਨੂੰ ਢਾਲ
ਸੁੱਕੇ ਟੋਬਿਆਂ ਤੇ ਬੈਠ
ਤੂੰ ਆਪਣਾ ਆਪ ਨਾ ਗਵਾ
ਤੂੰ ਚਲਦਾ ਜਾ
ਦਿਲਾ ਤੂੰ ਚਲਦਾ ਜਾ

ਹਨੇਰੀਆਂ ਦਾ ਜਾਲ
ਤੂੰ ਛੁਰੀ ਬਣ ਚੀਰ
ਪੈਂਦੇ ਘੱਟੇ ਨੂੰ
ਬਣਾ ਕਜਲਾ ਤੇ
ਵਗਾਅ ਨਾ ਨੀਰ
ਸੜਦੇ ਰਾਵਾਂ 'ਚ
ਤੂੰ ਮਾਸ ਪੈਰਾਂ ਦਾ ਪਕਾਅ
ਖੁੰਝੇ ਲੱਗ
ਐਵੇਂ ਵਕਤ ਨਾ ਗਵਾ
ਤੂੰ ਚਲਦਾ ਜਾ
ਦਿਲਾ ਤੂੰ ਚਲਦਾ ਜਾ

ਖਾਲੀ ਹੱਥਾਂ ਨੂੰ ਵੇਖ
ਤੂੰ ਪਿੱਛਾ ਨਾ ਤੱਕ

ਅੱਗੇ ਧੁੰਦ ਭਾਂਵੇ
ਸਿਰਫ ਅੱਖ

ਮੰਜ਼ਿਲ ਤੇ ਰੱਖ
ਚੜਦੇ ਸੂਰਜ ਨੂੰ ਵੇਖ
ਧੁੰਦ ਹੋ ਜੇ ਗੀ
ਆਪਣੇ ਆਪ ਪਛਾਂ
ਤੂੰ ਚਲਦਾ ਜਾ
ਦਿਲਾ ਤੂੰ ਚਲਦਾ ਜਾ

ਲੋਕਾਂ ਤੋਂ ਤੂੰ ਡਰ ਨਾ
ਖਾਧੀਆਂ ਸੱਟਾਂ ਦੇ ਜਖਮ
ਤੂੰ ਰੋਇਆਂ ਨਾਲ ਭਰ ਨਾ
ਊਠ ਨੂੰ ਸਾਥੀ
ਤੇ ਮਾਸ ਦਾ ਕਜਾਵਾ ਬਣਾ
ਵਿੱਚ ਪੈਰ ਫਸਾ ਤੇ
ਤੂੰ ਚਲਦਾ ਜਾ
ਦਿਲਾ ਤੂੰ ਚਲਦਾ ਜਾ
ਝਰਨਿਆਂ ਦੇ
ਪਾਣੀਆਂ ਵਾਂ
ਤੂੰ ਪੱਥਰਾਂ ਨੂੰ ਚੀਰਦਾ ਜਾ
ਤੂੰ ਚਲਦਾ ਜਾ

# ਠੰਡੀਆਂ ਹਵਾਵਾਂ

ਬੱਦਲਾਂ ਦੀਆਂ ਛਾਵਾਂ
ਠੰਢੀਆਂ ਹਵਾਵਾਂ
ਉੱਤੋਂ ਤੇਰੀਆਂ ਯਾਦਾਂ ਦਾ ਪਰਛਾਵਾਂ
ਸੋਹਣਾ ਲੱਗਦਾ ਇੱਕ
ਝਿਲਮਿਲ ਤਾਰਾ
ਠੰਢੀਆਂ ਹਵਾਵਾਂ
ਉੱਤੋਂ ਤੇਰੀਆਂ ਯਾਦਾਂ ਦਾ ਪਰਛਾਵਾਂ

ਤੇਰੀ ਨਰਾਜਗੀ ਏ
ਮੇਰੀ ਦੀਵਾਨਗੀ ਏ
ਤੂੰ ਰੁੱਸ ਕੇ ਦੂਰ ਬਹਿ ਗਿਆ
ਮੈਂ ਹੱਸ ਕੇ ਕੋਲ ਆਵਾਂ
ਵਿੱਚ ਠੰਢੀਆਂ ਹਵਾਵਾਂ
ਉੱਤੋਂ ਤੇਰੀਆਂ ਯਾਦਾਂ ਦਾ ਪਰਛਾਵਾਂ
ਮੈਂ ਹੱਸ ਹੱਸ ਗੱਲ ਲਾਵਾਂ

ਮਿੱਟੀ ਦੀ ਖੁਸ਼ਬੂ ਏ
ਪਹਿਲੀ ਪਈ ਸਾਉਣ ਦੀ ਕਣੀ ਏ
ਭੂੰਡੀ ਮਾਰੇ ਉਡਾਰੀ
ਮੋਰ ਨੱਚੇ, ਪੈਲਾਂ ਪਾਵੇ
ਬਨੇਰੇ ਸਾਡੇ ਬੈਠਾ ਕਾਂ ਕੁਰਲਾਵੇ
ਵੇ ਤੈਨੂੰ ਕਿਹੜਾ ਦੁੱਖ ਲੱਗਿਆ
ਜੋ ਵਿਹੜੇ ਸਾਡੇ ਬਹਿ
ਰੋਂਦਾ ਤੂੰ ਕਾਵਾਂ
ਵਿੱਚ ਠੰਢੀਆਂ ਹਵਾਵਾਂ
ਉੱਤੋਂ ਤੇਰੀਆਂ ਯਾਦਾਂ ਦਾ ਪਰਛਾਵਾਂ
ਮੈਂ ਹੱਸ ਹੱਸ ਗੱਲ ਲਾਵਾਂ

ਰੁੱਖ ਖੜਿਆ ਖੜਿਆ ਸੁੱਕਿਆ
ਹਸਦੇ ਦੀ ਸਰੋਤ ਦਾ ਪਾਣੀ ਏ
ਸੁੱਕਾ ਘਾਹ ਤੇ ਸੁੱਕ ਗਈ
ਸਾਰੀ ਹਰਿਆਲੀ ਏ
ਬੱਦਲ ਰੋ ਰੋ ਵਰਿਆ
ਹਵਾਵਾਂ ਠਰੀਆਂ
ਪਰ ਸੁਕੀਆਂ ਰਹਿ ਗਈਆਂ ਰਾਵਾਂ
ਵਿੱਚ ਠੰਢੀਆਂ ਹਵਾਵਾਂ
ਉੱਤੋਂ ਤੇਰੀਆਂ ਯਾਦਾਂ ਦਾ ਪਰਛਾਵਾਂ
ਮੈਂ ਹੱਸ ਹੱਸ ਗੱਲ ਲਾਵਾਂ

ਹਵਾਵਾਂ 'ਚ ਸੋ ਗਿਆ ਮੈਂ
ਤੇਰੀਆਂ ਯਾਦਾਂ 'ਚ ਖੋ ਗਿਆ ਮੈਂ
ਹੱਸਦੇ ਮੁੱਖੜੇ ਚੋਂ ਰੋ ਪਿਆ ਮੈਂ
ਬੈਠਾ ਬੈਠਾ ਮੈਂ
ਕਿਹੜੇ ਪਾਸੇ ਤੁਰੀ ਜਾਵਾਂ
ਦਿਲ ਚੁੱਪ
ਸੀਨੇ ਚੋਂ ਨਿਕਲੇ ਹਾਵਾਂ
ਵਿੱਚ ਠੰਢੀਆਂ ਹਵਾਵਾਂ
ਉੱਤੋਂ ਤੇਰੀਆਂ ਯਾਦਾਂ ਦਾ ਪਰਛਾਵਾਂ
ਮੈਂ ਹੱਸ ਹੱਸ ਗੱਲ ਲਾਵਾਂ

# ਪਲਕਾਂ ਰੋਂਦੀਆਂ

ਪਲਕਾਂ ਰੋਂਦੀਆਂ
ਤੈਨੂੰ ਚਾਹੁੰਦੀਆਂ
ਤੈਨੂੰ ਮੰਗਦੀਆਂ
ਪਾਣੀ ਰੰਗ 'ਚ ਰੰਗਦੀਆਂ

ਹੌਕੇ ਉੱਠਦੇ
ਸਾਹ ਟੁੱਟਦੇ
ਦਿਲ ਮੰਗਦਾ ਏ ਪਿਆਰ
ਹਨੇਰੇ ਗੱਲ ਘੁੱਟਦੇ

ਪਲਕਾਂ ਰੋਂਦੀਆਂ
ਤੈਨੂੰ ਚਾਹੁੰਦੀਆਂ
ਤੈਨੂੰ ਮੰਗਦੀਆਂ
ਪਾਣੀ ਰੰਗ 'ਚ ਰੰਗਦੀਆਂ

ਜੀਣ ਦਾ ਨਾ ਆਵੇ ਸਵਾਦ
ਬਰਬਾਦ ਰਾਹ
ਜੋ ਸੀ ਕਦੇ ਆਬਾਦ
ਚਿੱਕੜ 'ਚ ਫਸਿਆ ਏ
ਦਿਲ ਚੋਂ ਨਿਕਲੇ ਫੌਲਾਦ

ਪਲਕਾਂ ਰੋਂਦੀਆਂ
ਤੈਨੂੰ ਚਾਹੁੰਦੀਆਂ
ਤੈਨੂੰ ਮੰਗਦੀਆਂ
ਪਾਣੀ ਰੰਗ 'ਚ ਰੰਗਦੀਆਂ

# ਤੂੰ ਮੇਰੀ ਮੰਜ਼ਿਲ ਰਵੇ

ਤੂੰ ਮੇਰੀ ਮੰਜ਼ਿਲ ਰਵੇ
ਮੈਂ ਤੇਰਾ ਰਾਹ ਹੋਵਾਂ
ਆਪਣਿਆਂ ਸੁਪਣਿਆਂ 'ਚ ਮੈਂ
ਤੈਨੂੰ ਹੀ ਸੋਚਦਾ ਰਵਾਂ
ਜੇ ਤੂੰ ਮੇਰਾ ਸੁਪਣਾ ਹੋਵੇਂ
ਨੀਂਦ ਨੂੰ ਮੈਂ ਰੋਕ ਲਵਾਂ
ਤੂੰ ਮੇਰੀ ਮੰਜ਼ਿਲ ਰਵੇ
ਮੈਂ ਤੇਰਾ ਰਾਹ ਹੋਵਾਂ

ਜੇ ਲੱਖ ਹੋਣ ਰੂਪ ਤੇਰੇ
ਲੱਖਾਂ ਦਾ ਮੈਂ ਇੱਕ ਹੋਵਾਂ
ਪਲਕਾਂ ਦੀ ਥਾਂ
ਜੇ ਹੋਵੇ ਤਸਵੀਰ ਤੇਰੀ
ਅੱਖਾਂ ਬੰਦ ਕਰ
ਕਬਰ 'ਚ ਮੈਂ ਸੋ ਜਾਵਾਂ
ਤੂੰ ਮੇਰੀ ਮੰਜ਼ਿਲ ਰਵੇ
ਮੈਂ ਤੇਰਾ ਰਾਹ ਹੋਵਾਂ

ਬਾਗਾਂ 'ਚ ਪਰੀਂਦੇ ਗਾਉਣ
ਤੇ ਉਹਨਾਂ ਨਾਲ ਮੈਂ ਗਾਵਾਂ
ਉਹ ਜੋ ਸੁਰ ਲਾਉਣ
ਅਲਫਾਜ਼ਾਂ ਦਾ ਮੈਂ ਜਾਲ ਵਿਛਾਵਾਂ
ਪੱਤਝੜਾਂ 'ਚ ਮੈਂ ਧੁੱਪ ਹੋਵਾਂ
ਤੇ ਧੁੱਪਾਂ 'ਚ ਤੇਰੀ ਛਾਂ ਹੋਵਾਂ
ਤੂੰ ਮੇਰੀ ਮੰਜ਼ਿਲ ਰਵੇ
ਮੈਂ ਤੇਰਾ ਰਾਹ ਹੋਵਾਂ

ਗਗਨਾ ਦਾ ਜੇ ਟੁੱਟ ਤਾਰਾ ਡੁੱਲ੍ਹੇ

ਵੇਖ ਚੰਨ ਰੋਂਦਾ ਹੋਣਾ

ਜੇ ਤੂੰ ਓਦਾ ਚੰਨ ਹੋਵੇਂ

ਮੱਸਿਆ 'ਚ ਵੀ

ਤੈਨੂੰ ਓ ਚਾਹੁੰਦਾ ਹੋਣਾ

ਤੂੰ ਉਹਦੀ ਮੰਜ਼ਿਲ ਰਵੇ

ਸੋਚਦਾ ਉਹ

ਮੈਂ ਉਹਦਾ ਰਾਹ ਹੋਣਾ

# ਪੀੜ

ਸੱਜਣਾ ਪਿਆਰਿਆ ਵੇ
ਤੇਰੀ ਦਿੱਤੀ ਪੀੜ ਨੂੰ ਮੈਂ
ਹੱਸ ਹੱਸ ਜਰ ਲਵਾਂਗਾ

ਤੂੰ ਹੱਸਦਾ ਵਹਿੰਦਾ ਰਵੀਂ
ਮੈਂ ਸੁੱਕੇ ਟੋਬਿਆਂ 'ਚ ਰੋ ਲਵਾਂਗਾ
ਤੇਰੀ ਦਿੱਤੀ ਪੀੜ ਨੂੰ ਮੈਂ
ਹੱਸ ਹੱਸ ਜਰ ਲਵਾਂਗਾ

ਤੂੰ ਮੂੰਹ ਨਾ ਬਣਾ ਸੋਹਣਿਆ
ਹੱਸ ਹੱਸ ਜਾ ਵੇ
ਸ਼ਗਨ ਤੂੰ ਪਵਾ ਝੋਲੀ
ਅਸੀਸ ਵਡੇਰਿਆਂ ਦੀ ਲਵਾ ਵੇ
ਮੈਂ ਬਹਿ ਕੇ ਸੁਕਿਆਂ ਕੋਲ
ਰਾਤਾਂ ਨੂੰ ਠਰ ਲਵਾਂਗਾ
ਸੱਜਣਾ ਪਿਆਰਿਆ ਵੇ
ਤੇਰੀ ਦਿੱਤੀ ਪੀੜ ਨੂੰ ਮੈਂ
ਹੱਸ ਹੱਸ ਜਰ ਲਵਾਂਗਾ

ਤੂੰ ਹਮੇਸ਼ਾ ਹੱਸਦਾ ਰਵੀਂ
ਮੱਥੇ ਤਿਉੜੀ ਨਾ ਕਦੇ ਪਾਵੀਂ ਵੇ
ਨਾ ਅਸੀਂ ਕੋਈ ਸ਼ਿਕਵਾ ਕਰਦੇ
ਨਾ ਕੋਈ ਸ਼ਿਕਾਅਤ ਵੇ
ਤੂੰ ਖੁਸ਼ੀ ਖੁਸ਼ੀ ਜਾ ਨਵਾ ਘਰ ਸਜਾ ਵੇ
ਮੈਂ ਤਾਰਿਆਂ ਦੀ ਲੋਏ ਬੈਠਾ
ਪੀੜਾਂ ਹਰ ਲਵਾਂਗਾ

ਸੱਜਣਾ ਪਿਆਰਿਆ ਵੇ
ਤੇਰੀ ਦਿੱਤੀ ਪੀੜ ਨੂੰ ਮੈਂ
ਹੱਸ ਹੱਸ ਜਰ ਲਵਾਂਗਾ

ਜੇ ਰਾਵਾਂ 'ਚ ਹੋਵੇ ਕੋਈ ਰੋਸਾ
ਤੂੰ ਪਿੱਛੇ ਮੁੜ ਨਾ ਵੇਖੀਂ ਵੇ
ਵੱਧਦਾ ਰਵੀਂ ਮੰਜ਼ਿਲਾਂ ਨੂੰ
ਤੇ ਸ਼ੋਹਰਤ ਨਾਲ ਪੈਰ ਸੇਕੀ ਵੇ
ਤੂੰ ਨੱਚ ਨੱਚ ਆਪਣੇ ਜੋਬਨਾਂ ਨਾਲ
ਗੈਰਾਂ ਦੀ ਧਰਤੀ ਹਲਾ ਵੇ
ਮੈਂ ਨੰਗੇ ਪੈਰੀਂ ਚਲਦਿਆਂ
ਕੱਲਾ ਇਸ਼ਕੇ ਦਾ ਪਹਾੜ ਚੜ੍ਹ ਲਵਾਂਗਾ
ਸੱਜਣਾ ਪਿਆਰਿਆ ਵੇ
ਤੇਰੀ ਦਿੱਤੀ ਪੀੜ ਨੂੰ ਮੈਂ
ਹੱਸ ਹੱਸ ਜਰ ਲਵਾਂਗਾ

ਤੂੰ ਚਮਕਦਾ ਰਵੀਂ ਚੰਨ ਬਣ ਕੇ
ਕਦੇ ਬਦਲਾਂ ਛਾਂਵੇ ਨਾ ਆਂਵੀ ਵੇ
ਤੂੰ ਆਪਣੀ ਰੌਸ਼ਨੀ ਦੇ ਨਾਲ
ਸਦਾ ਜਗ ਤੇ ਮਹਿਕਾਂ ਖਿਲਾਰੀ ਵੇ
ਗਗਨਾਂ ਤੋਂ ਜੇ ਗਿਲਾ ਏ ਤੈਨੂੰ
ਇਸ਼ਕ ਸਮੰਦਰ ਤਰ ਕੇ
ਮੈਂ ਉੱਤੇ ਚਿੱਟਾ ਕਫਨ ਸਜਾ ਆਵਾਂਗਾ
ਸੱਜਣਾ ਪਿਆਰਿਆ ਵੇ
ਤੇਰੀ ਦਿੱਤੀ ਪੀੜ ਨੂੰ ਮੈਂ
ਹੱਸ ਹੱਸ ਜਰ ਲਵਾਂਗਾ